ਮਾਸਕ ਪੱਤਰ

ੴ

# ਸੂਰਾ

ਅੰਮ੍ਰਿਤਸਰ

ਧਰਮਸਾਲ ਕਰਤਾਰਪੁਰ ਸਾਧ ਸੰਗਤਿ ਸਚਖੰਡ ਵਸਾਇਆ ॥
ਵਾਹਿਗੁਰੂ ਗੁਰ ਸਬਦ ਸੁਣਾਇਆ ॥

NOV 1981

ਨਵੰ-ਬਰ ੧੯੮੧

# ਵਾਹਿਗੁਰੂ

www.AKJ.Org

# ਤਤਕਰਾ


| | | |
|---|---|---|
| ਭਗਤਿ ਵਛਲੁ ਸਤਿਗੁਰੁ ਨਿਰੰਕਾਰਾ | ਭਾ: ਸਾ: ਭਾਈ ਗੁਰਦਾਸ ਜੀ | ੩ |
| ਸੰਤ ਗੁਰੂ – ਗੁਰੂ ਨਾਨਕ | ਭਾਈ ਸਾਹਿਬ ਰਣਧੀਰ ਸਿੰਘ ਜੀ | ੪ |
| ਪਿਆਰਾ ਗੁਰੂ ਨਾਨਕ (ਕਵਿਤਾ) | ਸ: ਵਿਧਾਤਾ ਸਿੰਘ ਜੀ ਤੀਰ | ੬ |
| ਗੁਰੂ ਨਾਨਕ ਦਰਸ ਹੁਲਾਸੜੀਆਂ (ਕਵਿਤਾ) | ਭਾਈ ਸਾਹਿਬ ਰਣਧੀਰ ਸਿੰਘ ਜੀ | ੭ |
| ਨਾਨਕ ਪੀਰ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | ੮ |
| ਗੁਰੂ ਨਾਨਕ ਪ੍ਰਗਟਿਆ | ਸ: ਸਰੂਪ ਸਿੰਘ ਜੀ ਦਰਵੇਸ਼ | ੧੫ |
| ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੩੫) | ਕੈਪਟਨ ਸਵਰਨ ਸਿੰਘ ਜੀ | ੧੬ |
| ਜਗਤ ਗੁਰੂ – ਗੁਰੂ ਨਾਨਕ | ਸ: ਰਾਮ ਸਿੰਘ ਜੀ ਯੂ. ਕੇ. | ੨੩ |
| ਪਰ ਨਾਰੀ ਧੀ ਭੈਣ ਵਖਾਣੈ | ਗਿਆਨੀ ਹਰੀ ਸਿੰਘ ਜੀ | ੨੭ |
| ਗੁਰੂ ਨਾਨਕ ਸੁਲਤਾਨਪੁਰੇ ਵਿਚ (ਕਵਿਤਾ) | ਗਿਆਨੀ ਗੋਪਾਲ ਸਿੰਘ ਜੀ ਮਿਤਰ | ੩੨ |
| ਨਨਕਾਣੇ ਦੀ ਯਾਦ (ਕਵਿਤਾ) | ,, ,, ,, | ੩੩ |
| ਗੁਰਬਾਣੀ ਵੀਚਾਰ | ... ... ... | ੩੪ |
| ਸਲੋਕ ਸਹਸਕ੍ਰਿਤੀ (੯) ਅਰਥ ਵਿਚਾਰ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੩੫ |
| ਭਾ: ਸਾ: ਭਾ: ਰਣਧੀਰ ਸਿੰਘ ਸਕਾਲਰਸ਼ਿਪ | ਜਥੇਦਾਰ ਅਖੰਡ ਕੀਰਤਨੀ ਜਥਾ | ੩੯ |
| ਜੋਗੀ ਕੈਂਪ ਦੀਆਂ ਚਿੱਠੀਆਂ ਬਾਰੇ ਸਪੱਸ਼ਟੀਕਰਣ | ਬੀਬੀ ਜਸਬੀਰ ਕੌਰ ਜੀ | ੩੯ |
| ਮਾਸਕ 'ਸੂਰਾ' ਪੱਤਰ ਦਾ ਚੰਦਾ | – – | ੪੦ |


ਸੱਚਾ ਸਤਿਗੁਰੂ ਸੱਚੀ ਗੁਰਖਾਣੀ (ਦੂਜੀ ਕਿਸ਼ਤ) ਲੇਖਕ ਕੁੰਭੇਰ ਸਿੰਘ ਅਗਲੇ ਪਰਚੇ ਵਿਚ

| | |
|---|---|
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ | ੨ ਨਵੰਬਰ |
| ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ | ੧੧ ਨਵੰਬਰ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ | ੨੯ ਨਵੰਬਰ |

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਭਗਵੰਤ ਸਿੰਘ ਪਠਾਨਕੋਟ | ਸੂਰਾ ਦੀ ਚੜ੍ਹਦੀ ਕਲਾ ਲਈ | 11-00 |
| ਭਾਈ ਸੇਵਕ ਸਿੰਘ ਭੂਨਾ | ,, ,, | 25-00 |
| ਸ: ਬੂਟਾ ਸਿੰਘ ਪੱਥਰਡੀਹ | ਮਾਤਾ ਭਾਗਵੰਤੀ ਦੀ ਬਰਸੀ ਦੇ ਭੋਗ ਸਮੇਂ | 11-00 |
| ਸ੍ਰੀ ਜੋਗਿੰਦਰ ਰਾਮ ਸਪੁੱਤਰ ਰਾਮ ਚੰਦ ਨੰਬਰਦਾਰ ਦੁਰਗਾਪੁਰ | ਸੂਰਾ ਦੀ ਚੜ੍ਹਦੀ ਕਲਾ ਲਈ | 50-00 |
| ਸਾਰਜੈਂਟ ਤੇਜਿੰਦਰ ਸਿੰਘ ਹੈਦਰਾਬਾਦ | ਕਾਨਪੁਰ ਬਦਲੀ ਦੀ ਖੁਸ਼ੀ ਵਿਚ | 11-00 |
| ਸ: ਗੁਰਦਿਆਲ ਸਿੰਘ ਕਾਨਪੁਰ | ਸ਼ਹੀਦ ਜਗਜੀਤ ਸਿੰਘ ਦੀ ਯਾਦ ਵਿਚ | 11-00 |
| ਇਕ ਸਿੰਘ ਜੀ | ਸੂਰਾ ਦੀ ਚੜ੍ਹਦੀ ਕਲਾ ਲਈ | 51-00 |
| ਸ: ਜਗਦੀਸ਼ ਸਿੰਘ ਭਿਲਾਈ | ਸਿੰਘਣੀ ਦੀ ਅੰਤਮ ਯਾਦ ਵਿਚ | 11-00 |
| ਸ: ਆਗਿਆ ਸਿੰਘ ਜੀ ਕਾਲਪੁਰ | ਸੂਰਾ ਦੀ ਚੜ੍ਹਦੀ ਕਲਾ ਲਈ | 200-00 |
| ਸ: ਧਿਆਨ ਸਿੰਘ ਜੀ ਨਵੀਂ ਦਿੱਲੀ | ਕਾਕਾ ਜਸਵਿੰਦਰ ਸਿੰਘ ਦੇ ਅਨੰਦ ਸਮੇਂ | 11-00 |
| ਬੀਬੀ ਅਰਵਿੰਦਰ ਕੌਰ | ਸੂਰਾ ਦੀ ਚੜ੍ਹਦੀ ਕਲਾ ਲਈ | 21-00 |
| ਸ: ਕਰਤਾਰ ਸਿੰਘ ਠਠੀਆਂ ਮਹੰਤਾਂ | ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | 21-00 |
| ਸ: ਕੰਵਲਜੀਤ ਸਿੰਘ ਅੰਮ੍ਰਿਤਸਰ | ਸੂਰਾ ਦੀ ਚੜ੍ਹਦੀ ਕਲਾ ਲਈ | 11-00 |
| ਸ: ਸੰਤਾ ਸਿੰਘ ਖਾਲਸਾ ਲੁਧਿਆਣਾ | ਸਪੁਤਰੀ ਇੰਦਰਜੀਤ ਕੌਰ ਦੇ ਅਨੰਦ ਦੀ ਖੁਸ਼ੀ ਵਿਚ | 51-00 |
| ਸ: ਹੁਕਮ ਸਿੰਘ ਡਰੋਲੀ | ਬੀਬੀ ਰੰਜੀਤ ਕੌਰ ਦੇ ਅੰਤਮ ਭੋਗ ਸਮੇਂ | 31-00 |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨-੧੧-੯੧ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847 ਘਰ : 43094



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਲਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੦-੦੦ |
| ਇਕ ਪਰਚਾ | ੧-੦੦ |
| ਪਰਦੇਸ | |
| ਸਮੁੰਦਰੀ ਡਾਕ | ੨੫-੦੦ |
| ਹਵਾਈ ਡਾਕ | |
| ਅਰਬ, ਮਲਾਇਆ | ੪੦-੦੦ |
| ਯੂ. ਕੇ., ਅਫ਼ਰੀਕਾ | ੫੫-੦੦ |
| ਕੈਨੇਡਾ, ਅਮਰੀਕਾ | ੬੫-੦੦ |



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿਘ
ਭਾਈ ਸੇਵਾ ਸਿੰਘ



**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੫ | ਨਵੰਬਰ ੧੯੮੧ | ਅੰਕ ੧੧


## ਭਗਤਿ ਵਛਲੁ ਸਤਿਗੁਰੁ ਨਿਰੰਕਾਰਾ

ਸਤਿਗੁਰੁ ਪੂਰਾ ਸਾਹ ਹੈ, ਤ੍ਰਿਭਵਣ ਜਗੁ ਤਿਸ ਦਾ ਵਣਜਾਰਾ ॥
ਰਤਨ ਪਦਾਰਥ ਬੇਸੁਮਾਰ, ਭਾਉ ਭਗਤਿ ਲਖ ਭਰੇ ਭੰਡਾਰਾ ॥
ਪਾਰਿਜਾਤ ਲਖ ਬਾਗ ਵਿਚਿ, ਕਾਮਧੇਣੁ ਦੇ ਵਗ ਹਜਾਰਾ ॥
ਲਖਮੀਆਂ ਲਖ ਗੋਲੀਆਂ, ਪਾਰਸ ਦੇ ਪਰਬਤ ਅਪਾਰਾ ॥
ਲਖ ਅੰਮ੍ਰਿਤ ਲਖ ਇੰਦ੍ਰ ਲੈ, ਹੁਇ ਸਕੇ* ਛਿੜਕਨਿ ਦਰਬਾਰਾ ॥
ਸੂਰਜ ਚੰਦ ਚਰਾਗ ਲਖ, ਰਿਧਿ ਸਿਧਿ ਨਿਧਿ ਬੋਹਲ ਅੰਬਾਰਾ ॥
ਸਭੇ ਵੰਡਿ ਵੰਡਿ ਦਿਤਿਓਨੁ, ਭਾਉ ਭਗਤਿ ਕਰਿ ਸਚੁ ਪਿਆਰਾ ॥
ਭਗਤਿ ਵਛਲੁ ਸਤਿਗੁਰੁ ਨਿਰੰਕਾਰਾ ॥੨੨॥(੨੬)

* ਮਾਸ਼ਕੀ

[ਵਾਰਾਂ ਭਾਈ ਗੁਰਦਾਸ ਜੀ




www.AKJ.Org

# ਸੰਤ ਗੁਰੂ–ਗੁਰੂ ਨਾਨਕ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥

ਸੂਹੀ ਮ: ੪, ਅਸ਼ਟ, ਪੰਨਾ ੭੫੯

ਮਤ ਜਾਣਹੁ ਸਤਿਗੁਰ ਨਾਨਕ ਦੇਵ ਗ਼ੈਰ-ਹਾਜ਼ਰ ਹੈ। ਉਹ ਸਦਾ ਸਦਾ ਹਾਜ਼ਰ-ਨਾਜ਼ਰ ਹੈ। ਸਾਰਿਆਂ ਅੰਦਰਿ, ਸਭਨਾਂ ਦੇ ਘਟਾਂ ਅੰਦਰਿ ਸਮਾਇ ਰਹਿਆ ਹੈ। ਓਹ ਕਦੇ ਵੀ ਨਾਸ਼ਵੰਤ ਨਹੀਂ ਹੈ। ਨਾ ਦਿੱਬਯ-ਜੋਤਿ-ਕ੍ਰਾਂਤ ਕਰਕੇ, ਨਾ ਹੀ ਜੋਤਿ-ਤੱਤ-ਮਤਾਂਤ ਕਰਕੇ, ਕਦੇ ਵੀ ਨਾਸ਼ਵੰਤ ਨਹੀਂ ਹੋਇਆ, ਸਦਾ ਅਬਿਨਾਸ਼ੀ ਹੈ। ਮਨ-ਭਾਵਨੀ ਤੇ ਜਦ ਚਾਹੋ, ਪ੍ਰਗਟ ਹੋਇ ਆਉਂਦਾ ਹੈ। ਸਤਿਗੁਰ ਨਾਨਕ ਦੇਵ ਦੀ ਜੋਤਿ ਤਾਂ ਜੋਤੀਸ਼ ਸਰੂਪ ਵਾਹਿਗੁਰੂ ਵਿਖੇ ਸਮਾਇ ਗਈ, ਪ੍ਰੰਤੂ ਇਸ ਅਵਸਥਾ ਵਿਚ ਹੁੰਦੇ ਹੋਏ ਵੀ ਆਪ ਸਦ-ਸਦੀਵ ਅਨਿੰਨ ਗੁਰਸਿੱਖਾਂ ਦੇ ਹਿਰਦੇ ਅੰਦਰ ਬਿਰਾਜਮਾਨ ਹਨ। ਸ਼ਰਧਾਵਾਨ ਅਭਿਆਸੀਆਂ ਨੂੰ ਦਰਸ਼ਨ ਉਸੇ ਸਰੂਪ ਵਿਖੇ ਆਣਿ ਦੇਵੰਦੇ ਹਨ ਜਿਸ ਸਰੂਪ ਵਿਖੇ ਓਹ ਆਪਣੀ ਦਿੱਬ ਦੇਹੀ ਦੇ ਹੁੰਦਿਆਂ ਦਿੰਦੇ ਸਨ।

ਗੁਰੂ ਨਾਨਕ ਹੀ ਗੁਰੂ ਪੂਰਾ ਹੈ, ਗੁਰੂ ਨਾਨਕ ਹੀ ਗੁਰੂ ਸੂਰਾ ਹੈ। ਸੱਚਾ ਗੁਰੂ ਹੈ ਹੀ ਗੁਰੂ ਨਾਨਕ। ਸੱਚਾ ਸੰਤ ਸਰੂਪ, ਗੁਰੂ ਸਰੂਪ ਸੰਤ ਹੈ ਹੀ ਗੁਰੂ ਨਾਨਕ ਸੱਚਾ ਪਾਤਸ਼ਾਹ। ਹੋਰ ਕੋਈ ਭੀ ਸਤ ਗੁਰੂ. ਗੁਰੂ ਨਾਨਕ ਬਾਝੋਂ ਹੈ ਹੀ ਨਹੀਂ। ਨਾ ਕਦੇ ਹੋਇਆ ਨਾ ਕਦੇ ਹੋਵੇਗਾ। ਮੁੱਢ-ਕਦੀਮ ਤੋਂ ਸਦ-ਸਦੀਵ ਲਈ ਅਜ਼ਲੀ, ਅਬਦੀ ਗੁਰੂ, ਸੱਚਾ ਸਤਿਗੁਰੂ, ਗੁਰੂ ਸਰੂਪ ਸੰਤ ਗੁਰੂ ਹੈ ਤਾਂ ਗੁਰੂ ਨਾਨਕ ਹੀ ਹੈ। ਏਸੇ ਗੁਰੂ ਨਾਨਕ ਦੇ ਦਸ ਗੁਰੂ ਜਾਮੇ ਓਤਿ ਪੋਤਿ ਇਕੋ ਗੁਰੂ ਸਰੂਪ-ਮਈ ਸੱਚੇ ਸੰਤ ਹਨ। ਗੁਰੂ ਨਾਨਕ ਤੋਂ ਪਹਿਲਾਂ ਨਾ ਕੋਈ ਸੱਚਾ ਸੰਤ ਹੋਇਆ ਨਾ ਪਿਛੋਂ ਹੋਵੇਗਾ। ਜੇਕਰ ਹੋਂਦਾ ਤਾਂ ਭਾਈ ਸਾਹਿਬ ਗੁਰਦਾਸ ਜੀ ਇਉਂ ਕਿਉਂ ਉਚਾਰਨ ਕਰਦੇ ਕਿ :—

ਥੰਮੇ ਕੋਇ ਨ ਸਾਧ ਬਿਨੁ ਸਾਧ ਨ ਦਿਸੈ ਜਗ ਵਿਚ ਕੋਆ ॥੨੨॥

ਭਾਈ ਗੁਰਦਾਸ ਜੀ, ਵਾਰ ੧

ਗੁਰੂ ਨਾਨਕ ਸਾਹਿਬ ਹੀ ਸੱਚੇ ਸਾਧ ਪ੍ਰਗਟ ਹੋਏ ਤੇ ਜੁਗੋ ਜੁਗ ਹੁੰਦੇ ਰਹਿਣਗੇ। ਕੇਵਲ ਦੁਨਿਆਵੀ ਮੰਡਲਾਂ ਵਿਖੇ ਹੀ ਨਹੀਂ, ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ ਵਿਖੇ ਸੱਚੇ ਸਾਧ ਸਰੂਪ ਗੁਰੂ ਨਾਨਕ ਦੇਵ ਸਾਹਿਬ ਜੀ ਗੁਰੂ ਰੂਪ ਪ੍ਰਗਟ ਹੁੰਦੇ ਰਹੇ ਅਤੇ ਅਨੇਕਾਂ ਜੀਵਾਂ ਨੂੰ ਤਾਰਿਆ ਤੇ ਤਾਰਦੇ ਰਹੇ। ਸੱਚਾ ਨਿਸਤਾਰਾ, ਕਲਿਆਣ-ਮਈ ਸੱਚਾ ਉਧਾਰਾ ਸਾਰੇ ਬ੍ਰਹਿਮੰਡਾਂ ਦੇ ਪ੍ਰਾਣੀਆਂ ਦਾ ਕੇਵਲ ਗੁਰੂ ਨਾਨਕ ਸਾਹਿਬ ਦੇ ਰਾਹੀਂ ਹੀ ਹੋਣਾ ਹੈ ਅਤੇ ਹੁੰਦਾ ਰਹਿਆ ਹੈ। ਅੱਜ ਕੱਲ੍ਹ ਤਾਂ ਹਰੇਕ ਡਿੰਭੀ ਡਿੰਭਧਾਰੀ ਦੇਹਧਾਰੀ ਸੰਤ ਗੁਰੂ ਬਣਿ ਬਣਿ ਬਹਿੰਦਾ ਹੈ।

ਭਾਈ ਗੁਰਦਾਸ ਜੀ ਦੀ ਉਪਰਲੀ ਮਹਾਂਵਾਕ-ਪੰਕਤੀ ਤੋਂ ਇਹ ਸਿੱਧ ਹੋਇਆ ਕਿ ਸਾਰੇ ਜਗਤ ਨੂੰ ਥੰਮਣ-ਹਾਰਾ, ਸੱਚਾ ਪ੍ਰਮਾਰਥ ਬਖਸ਼ ਕੇ ਨਿਸਤਾਰਨਹਾਰ, ਸੱਚੇ ਗੁਰਮਤਿ ਮਾਰਗ ਨੂੰ ਦਰਸਾ ਕੇ ਸੱਚਾ ਨਿਸਤਾਰਾ ਕਰਨਹਾਰ ਹੋਇਆ ਤਾਂ ਗੁਰੂ ਨਾਨਕ ਰੂਪ ਹੀ ਸੱਚਾ ਗੁਰੂ ਸਾਧ ਪ੍ਰਗਟ ਹੋਇਆ। ਜਗਤ ਗੁਰੂ ਨਾਨਕ ਮਈ ਸੱਚੇ ਗੁਰੂ-ਸਾਧ ਬਿਹੂਣ ਜਗਤ ਨੂੰ ਥੰਮਣਹਾਰਾ, ਥੰਮ ਕੇ ਅਗੰਮੀ ਗੁਰਮਤਿ ਮਾਰਗ ਦੱਸਣਹਾਰਾ ਆਦਿ ਅੰਤਿ ਨਾ ਕੋਈ ਹੋਇਆ ਨਾ ਹੋਵੇਗਾ। ਸਾਰਿਆਂ ਜੁਗਾਂ ਵਿਖੇ ਹੀ ਧੁਰਿ ਧੁਰੰਦਰੀ ਸਾਰੇ ਜਗਤ ਨੂੰ



www.AKJ.Org

ਨਿਸਤਾਰਨਹਾਰਾ ਸੱਚਾ ਸਤਿਗੁਰੂ ਰੂਪੀ ਸਾਧ ਹੋਇਆ ਤਾਂ ਗੁਰੂ ਨਾਨਕ ਸੱਚਾ ਪਾਤਸ਼ਾਹ ਹੀ ਹੋਇਆ। ਸਾਰੇ ਜਗਤ ਨੂੰ ਕੀ, ਇਸ ਮਾਤ-ਲੋਕ-ਮਈ ਜਗਤ ਨੂੰ ਕੀ, ਬਲਕਿ ਸਾਰੇ ਖੰਡਾਂ ਬ੍ਰਹਿਮੰਡਾਂ ਨੂੰ ਨਿਸਤਾਰਨਹਾਰਾ ਹੋਇਆ ਤਾਂ ਸੱਚਾ ਗੁਰੂ ਸਾਧ ਗੁਰੂ ਨਾਨਕ ਪਿਆਰਾ ਹੀ ਹੋਇਆ। ਏਸੇ ਗੁਰੂ ਨਾਨਕ ਰੂਪੀ ਸਾਧ ਨੇ ਦਸ ਗੁਰੂ ਜਾਮੇ ਧਾਰ ਕੇ ਸੱਚਾ ਗੁਰਮਤਿ ਮਾਰਗੀ ਗੁਰੂ ਸਾਧਪੁਣਾ ਪ੍ਰਗਟਾਇਆ। ਦਸਵੇਂ ਗੁਰੂ ਜਾਮੇ ਵਿਚ ਗੁਰੂ ਨਾਨਕ ਸਾਹਿਬ ਤ੍ਰਿਕਾਲ-ਦਰਸੀ ਸਤਿਗੁਰੂ ਨੇ ਇਹ ਵਿਚਾਰ ਕੇ ਕਿ ਗੁਰੂ ਨਾਨਕ ਰੂਪੀ ਸੱਚੇ ਸਾਧ ਸਤਿਗੁਰੂ ਬਿਨਾਂ ਇਸ ਜਗਤ ਨੂੰ ਨਿਸਤਾਰਨਹਾਰਾ ਥੰਮਣਹਾਰਾ ਹੋਰ ਕੋਈ ਨਹੀਂ ਹੋ ਸਕਦਾ, ਬਲਕਿ ਅਗਾਹਾਂ ਨੂੰ ਆਉਣ ਵਾਲੇ ਕਲੀਕਾਲ ਵਿਖੇ :–

ਘਰ ਘਰ ਹੋਇ ਬੈਠ ਹੈਂ ਰਾਮਾ॥ ਤਿਨ ਤੇ ਸਰੇ ਨ ਕੋਊ ਕਾਮਾ ॥੧੨॥

ਦਸਮ ਗ੍ਰੰਥ, ਨਿਹਕਲੰਕ ਅਵਤਾਰ

ਮਹਾਂਵਾਕ ਅਨੁਸਾਰ ਕੱਚੇ ਪਿਚੇ ਡਿੰਭੀ ਗੁਰੂ, ਗੁਰੂ ਘਰ ਵਿਖੇ ਖੁੰਬਾਂ ਵਾਂਗੂੰ ਉਗਵ ਖਲੋਣਗੇ, ਪਰੰਤੂ ਜਗਤ-ਨਿਸਤਾਰੇ ਦਾ ਉਨ੍ਹਾਂ ਤੋਂ ਕੋਈ ਕੰਮ ਨਹੀਂ ਸਰੇਗਾ। ਜਗਤ-ਨਿਸਤਾਰਾ ਤਾਂ ਕੀ ਕਰਨਾ ਸੀ, ਉਹ ਆਪਣੇ ਆਪ ਦਾ ਉਧਾਰ-ਨਿਸਤਾਰਾ ਨਹੀਂ ਕਰ ਸਕਣਗੇ। ਇਸ ਕਰਕੇ ਆਪਣੀ ਪਰਮ ਅੰਤਰਜਾਮਤਾ ਮਈ ਗੁਰ-ਸਮਰੱਥਤਾ ਵਾਲੀ ਸ਼ਕਤੀ ਦੁਆਰਾ, ਸੱਚੇ ਗੁਰੂ ਸਾਧ ਵਾਲੀ ਸੱਚੀ ਨਿਸਤਾਰਕ ਪੀੜ੍ਹੀ ਏਥੇ ਹੀ ਮੁਕਾ ਦਿੱਤੀ। ਅਤੇ ਇਹ ਅਲੌਕਿਕ ਕਲਾ ਵਰਤਾ ਦਿੱਤੀ ਕਿ ਗੁਰੂ ਨਾਨਕ ਰੂਪੀ ਦਸੇ ਗੁਰੂ ਸਾਧ ਜਾਮਿਆਂ ਪਿਛੋਂ ਹੋਰ ਕੋਈ ਵੀ ਜਗਤ ਨਿਸਤਾਰਕ ਗੁਰੂ ਸਾਧ ਨਹੀਂ ਉਪਜੇਗਾ। ਗੁਰੂ ਘਰ ਵਿਖੇ ਗੁਰੂ ਨਾਨਕ ਦੇ ਤਾਰੇ ਨਿਸਤਾਰੇ ਹੋਏ ਗੁਰਮੁਖ ਗੁਰਸਿੱਖਾਂ ਦੇ ਪੰਜਾਂ ਦੇ ਪੁੰਜ ਤਾਂ ਹੋਣਗੇ ਪਰ ਉਨ੍ਹਾਂ ਵਿਚੋਂ ਕੋਈ ਵੀ ਇਕ ਸਿੱਖ ਗੁਰ-ਨਿਸਤਾਰਿਆ ਸਿਖ ਗੁਰੂ ਨਹੀਂ ਸਦੱਾ ਸਕੇਗਾ, ਨਾ ਹੀ ਗੁਰੂ ਰੂਪ ਸਾਧ ਕਹਾ ਸਕੇਗਾ, ਬਲਕਿ ਏਸ ਮਹਾਂਵਾਕ ਅਨੁਸਾਰ, ''ਇਕ ਸਿਖ ਦੁਇ ਸਾਧ ਸੰਗ ਪੰਜੀਂ ਪਰਮੇਸ਼ਰ''*। ਗੁਰੂ ਨਾਨਕ ਦਾ ਨਿਸਤਾਰਿਆ ਹੋਇਆ ਸਿੱਖ, ਸਿੱਖ ਹੀ ਰਹੇਗਾ। ਇੱਕ ਸਿੱਖ ਗੁਰੂ ਸਰੂਪ ਸਾਧ ਕਦੇ ਨਹੀਂ ਬਣ ਸਕੇਗਾ। ਅਜਿਹੇ ਗੁਰ-ਨਿਸਤਾਰੇ ਹੋਏ ਪੰਜਾਂ ਸਿੱਖਾਂ ਦੇ ਪੁੰਜ ਸਮੂਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਗੁਰੱਤਤਾ ਵਾਲੀ ਸੱਚੀ ਕਲਾ ਵਰਤੇਗੀ ਤੇ ਸੀਨਾ-ਬਸੀਨਾ ਵਰਤਦੀ ਰਹੇਗੀ।

ਇਹ ਧੁਰ-ਧੁਰਦਰੀ ਸੱਚਾ ਸੁਮਾਰਗੀ ਗੁਰਮਤਿ ਮਾਰਗ ਚਲਾ ਕੇ ਸੱਚਾ ਧੁਰਵਾ ਬੰਨ੍ਹ ਦਿੱਤਾ। ਏਸ ਬੱਝੇ ਹੋਏ ਧੁਰਵੇ ਤੋਂ ਅਗਿਆਤ ਅਨਮਤੀ ਅਗਿਆਨੀ ਭੇਖਧਾਰੀ ਆਪੇ ਬਣ ਬੈਠੇ ਸਾਧਾਂ ਨੇ ਤਾਂ ਕੀ ਸਬਕ ਲੈਣਾ ਸੀ, ਬਲਕਿ ਗੁਰੂ ਘਰ ਵਿਖੇ ਹੀ ਅਨੇਕਾਂ ਡਿੰਭ-ਧਾਰੀ ਗੁਰੂ, ਗੁਰੂ ਨਾਨਕ ਸਦੱਰਸ਼ ਸਾਧ-ਗੁਰੂ ਹੋਣ ਦੀ ਹਮਾਕਤ ਕਰ ਬੈਠੇ ਤੇ ਕਰੀ ਜਾਂਦੇ ਹਨ। ਹਾਲਾਂਕਿ ਗੁਰੂ ਨਾਨਕ ਦਸ ਜਾਮੇਸ਼ ਸਤਿਗੁਰੂ ਬਾਝੋਂ ਹੋਰ ਕਿਸੇ ਨੂੰ ਭੀ ਇਹ ਸੱਚੀ ਗੁਰੱਤਤਾ ਵਾਲੀ ਪਦਵੀ ਪ੍ਰਾਪਤ ਨਹੀਂ। ਹੋਰਨਾਂ ਜੁਗਾਂ ਵਿਖੇ ਤਾਂ ਟਾਵੀਂ ਟਾਵੀਂ ਗੁਰੱਤਤਾ ਵਾਲੀ ਪਦਵੀ ਸ਼ਕਤੀ ਗੁਰੂ ਨਾਨਕ ਸਾਹਿਬ ਵਰਤਦੇ ਰਹੇ, ਪ੍ਰੰਤੂ ਕਲਜੁਗ ਵਿਖੇ ਤਾਂ ਪ੍ਰਗਟ ਪਹਾਰੇ ਇਹ ਸ਼ਕਤੀ ਗੁਰੂ ਨਾਨਕ ਸਾਹਿਬ ਨੇ ਵਰਤਾਈ, ਜੈਸੇ ਕਿ ਭਾਈ ਗੁਰਦਾਸ ਜੀ ਦਾ ਮਹਾਂਵਾਕ ਹੈ :–

ਗੁਰਮੁਖਿ ਕਲਿ ਵਿਚਿ ਪ੍ਰਗਟ ਹੋਆ ॥੨੭॥ ਭਾਈ ਗੁਰਦਾਸ ਜੀ, ਵਾਰ ੧

ਭਾਵ ਮੁਖੀ ਗੁਰੂ, ਸਭ ਤੋਂ ਸ੍ਰੇਸ਼ਟ ਗੁਰੂ, ਸੱਚਾ ਸਤਿਗੁਰੂ, ਸੱਚੀ ਥੰਮਣਹਾਰ ਨਿਸਤਾਰਨ-ਹਾਰ ਸ਼ਕਤੀ ਵਾਲਾ ਸਾਧ ਗੁਰੂ, ਗੁਰ ਨਾਨਕ ਸਾਹਿਬ ਪ੍ਰਗਟ-ਪਹਾਰੇ ਸਾਰੇ ਜਗਤ ਦੇ ਜੀਵਾਂ ਦਾ ਨਿਸਤਾਰਨਹਾਰਾ ਉਤਪੰਨ ਹੋਇਆ। ਗੁਰੂ ਨਾਨਕ ਰੂਪੀ ਸੱਚੇ ਸਾਧ ਗੁਰ ਸਦੱਰਸ਼ ਹੋਰ ਕੋਈ ਗੁਰੂ ਨਹੀਂ ਹੋ ਸਕਦਾ। ਗੁਰੂ ਨਾਨਕ ਸੱਚਾ ਪਾਤਸ਼ਾਹ ਸਚ ਮੁੱਚ ਮੁਖੀ ਗੁਰੂ ਵਾਹਿਗੁਰੂ ਸਮਾਨ ਹੀ ਵਾਹਿਗੁਰੂ ਸਰੂਪਾ ਗੁਰੂ ਹੈ। ਜਿਤਨੇ ਵੀ ਅਨਮਤੀ

*ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੧੯



www.AKJ.Org

ਸਾਧੜੇ ਆਪ ਆਪਣੀ ਮਤ ਅਨੁਸਾਰ ਗੁਰੂ ਬਣ ਬੈਠੇ ਹਨ, ਸਭ ਡਿੰਭੀ ਅਤੇ ਭੇਖਧਾਰੀ ਗੁਰੂ ਹਨ। ਵਿਚੋਂ ਕੋਈ ਭੀ ਸੱਚਾ ਗੁਰੂ ਨਹੀਂ ਕਹਾ ਸਕਦਾ।

ਗੁਰੂ ਨਾਨਕ ਸਾਹਿਬ ਨੇ ਆਪਣੇ ਦਸਵੇਂ ਗੁਰੂ ਜਾਮੇ ਅੰਦਰਿ ਜੋ ਇਸ ਬਿਧਿ ਸਵੈਯਾ ਉਚਾਰਨ ਕੀਤਾ ਹੈ :–

ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ ॥੧॥੨੧॥

ਅਕਾਲ ਉਸਤਤਿ, ਤ੍ਵਪ੍ਰਸਾਦ ਸਵੈਯੇ

ਏਸ ਦਾ ਭਾਵ ਹੀ ਸਮੁੱਚੇ ਤੌਰ ਤੇ ਆਪੋ ਆਪਣੇ ਮਨ ਦੇ ਮਤੇ ਅਨੁਸਾਰ ਆਪੋਂ ਬਣ ਬੈਠੇ ਡਿੰਭੀ ਗੁਰੂਆਂ ਦੇ ਪਖੰਡ ਦਾ ਖੰਡਣ ਕਰਦਾ ਹੈ। ਭਾਵ ਇਸ ਸਵੈਯੇ ਦਾ ਇਹ ਹੈ ਕਿ ਗੁਰੂ ਸਾਹਿਬ ਨੇ ਆਪਣੀ ਤ੍ਰਿਕਾਲ-ਦਰਸਤਾ ਸੰਪੰਨ ਅੰਤਰ-ਜਾਮਤਾ ਦੁਆਰਾ ਅੱਛੀ ਤਰ੍ਹਾਂ ਘੋਖ ਕੇ ਦੇਖ ਲਿਆ ਕਿ ਇਹ ਜੋ ਸ੍ਰੇਵੜੇ ਸ੍ਰਾਵਗੀ ਜੈਨ ਮਤ ਵਾਲੇ ਕੇਵਲ ਆਪਣੀ ਸੁਧ ਪਵਿਤ੍ਰਤਾ ਵਾਲੀ ਕ੍ਰਿਆ ਕਰਕੇ ਆਪਣੇ ਆਪ ਨੂੰ ਸਾਧ ਕਹਾਉਂਦੇ ਹਨ ਅਤੇ ਸਾਰੇ ਆਨਮਤੀ ਭੇਖਧਾਰੀ ਸਿੱਧ ਜੋਗੀ ਜਤੀ ਜਟਾਧਾਰੀ ਅਤੇ ਸੂਰਮੇ ਕਹਾਉਣ ਵਾਲੇ ਸੁਰ, ਨਰ, ਮੁਨ ਜਨ. ਅਨੇਕਾਂ ਅਨਮਤੀ ਸੰਤਾਂ ਦੇ ਸਾਰੇ ਫਿਰਕੇ ਆਪਣੇ ਆਪ ਨੂੰ ਸੰਤ ਬਣਾਈ ਫਿਰਦੇ ਹਨ, ਗੱਲ ਕੀ ਸਾਰੇ ਹੀ ਕਾਇਨਾਤ ਦੇਸ ਦੇ ਅਨਮਤੀ ਮਤ-ਮਤਾਂਤਰਾਂ ਵਾਲੇ ਖ਼ੁਦ-ਸਾਖ਼ਤਾ (ਆਪੋਂ ਬਣ ਬੈਠੇ) ਸਾਧ ਸੰਤ ਕਹਾਉਂਦੇ ਹਨ, ਇਨ੍ਹਾਂ ਵਿਚੋਂ ਕਿਸੇ ਨੇ ਵੀ ਆਪਣੀ ਪਖੰਡ-ਕ੍ਰਿਆ ਦੁਆਰਾ ਵਾਹਿਗੁਰੂ ਪ੍ਰਾਣਪਤੀ ਦੇ ਦਰਸ਼ਨ ਨਹੀਂ ਦੇਖੇ। ਇਹ ਵਾਹਿਗੁਰੂ ਪ੍ਰਾਣਪਤੀ ਦਾ ਦਰਸ਼ਨ ਤਾਂ ਕੇਵਲ ਉਹੀ ਵਾਹਿਗੁਰੂ-ਵਰੋਸਾਏ, ਧੁਰੋਂ ਵਾਹਿਗੁਰੂ ਦੀ ਦਰਗਾਹੋਂ ਪਠਾਏ ਹੋਏ ਗੁਰ ਨਾਨਕ ਸਾਰਖੇ ਸਾਧ ਗੁਰੂ ਹੀ ਪਰਤੱਖ ਦੇਖ ਸਕਦੇ ਹਨ, ਜਿਨ੍ਹਾਂ ਦੇ ਉਪਰ ਸ੍ਰੀ ਭਗਵਾਨ ਵਾਹਿਗੁਰੂ ਦੀ ਖ਼ਾਸ ਕਿਰਪਾ ਨਾਜ਼ਲ ਹੁੰਦੀ ਹੈ। ਏਸ ਖ਼ਾਸ ਮਖ਼ਸੂਸੀ ਕਿਰਪਾ ਬਿਹੂਣ ਅਤੇ ਵਾਹਿਗੁਰੂ ਦੀ ਇੱਕੋ ਸੱਚੀ ਪ੍ਰੀਤੀ ਬਿਨਾਂ (ਸੱਚ ਪ੍ਰੇਮ ਬਿਨਾਂ) ਉਪਰ ਦੱਸੇ ਹੋਏ ਅਨੇਕਾਂ ਮਤ-ਮਤਾਂਤਰੀ ਡਿੰਭੀ ਸਾਧੂ ਇਕ ਕੌਡੀ ਦੇ ਕੰਮ ਦੇ ਵੀ ਨਹੀਂ। ਸਾਡੇ ਹੀ ਗੁਰੂ ਘਰ ਵਿਖੇ ਅਨੇਕਾਂ ਅਜਿਹੇ ਡਿੰਭੀ ਤੇ ਪਖੰਡੀ ਸਾਧੜੇ ਬਣੇ ਬੈਠੇ ਹਨ ਜੋ ਆਪਣੀ ਮਨੋਰਥ-ਸਿਧੀ ਲਈ ਅਨੇਕਾਂ ਜਗਿਆਸੂਆਂ ਨੂੰ ਕੂੜ ਦੇ ਥਾਪੜੇ ਦੇ ਦੇ ਕੇ ਆਪਣੇ ਆਪ ਨੂੰ ਗੁਰੂ ਸਾਧ ਕਹਾਉਂਦੇ ਹਨ। ਇਸ ਬਿਧਿ ਗੁਰੂ ਨਾਨਕ ਰੂਪੀ ਅਜ਼ਲੋਂ ਅਮਰੋਂ ਪਠਾਏ ਸੱਚੇ ਸਾਧ ਗੁਰੂ ਦੀ ਰੀਸ ਕਰਕੇ ਆਪਣਾ ਲੋਕ ਪਰਲੋਕ ਵਿਗਾੜ ਬੈਠਦੇ ਹਨ।

ਗੁਰੂ ਨਾਨਕ ਬਾਝੋਂ ਨਾ ਕੋਈ ਸੱਚਾ ਗੁਰੂ ਸਰੂਪ ਸਾਧ ਹੋਇਆ ਤੇ ਨਾ ਹੋਵੇਗਾ। ਇਹ ਗੱਲ ਗੁਰਸਿੱਖਾਂ ਨੂੰ ਦ੍ਰਿੜ੍ਹ ਕਰਕੇ ਧਾਰਨ ਕਰ ਲੈਣੀ ਪਰਮ ਗੁਰਮਤਿ ਹੈ। ['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ

## ਪਿਆਰਾ ਗੁਰੂ ਨਾਨਕ ਵਲੋਂ–ਸ: ਵਿਧਾਤਾ ਸਿੰਘ ਜੀ 'ਤੀਰ'

ਤੇਰਾ ਰੂਪ ਹੈ ਰੱਬ ਦਾ ਰੂਪ ਨਾਨਕ, ਤੇਰਾ ਦਿਲ ਹੈ ਸਦਾ ਨਿਰੰਕਾਰ ਅੰਦਰ।
ਕਾਗੋਂ ਹੰਸ ਹੋਵੇ ਉੱਚੀ ਵੰਸ ਵਾਲਾ, ਇਹ ਹੈ ਪ੍ਰਭਤਾ ਤੇਰੇ ਦਰਬਾਰ ਅੰਦਰ।
ਬਣ ਕੇ ਵੈਦ ਜੇ ਦਏਂ ਹਰਿ-ਨਾਮ ਚੁਟਕੀ, ਨਵੀਂ ਫੂਕ ਦਏਂ ਰੂਹ ਬੀਮਾਰ ਅੰਦਰ।
ਛੱਲ-ਵੱਲ ਸਾਰੇ ਪਲਾਂ ਵਿਚ ਕਢੇਂ, ਮੇਟੇਂ ਕਲੂ ਦੀ ਕੱਲ ਪਲਕਾਰ ਅੰਦਰ ॥੧॥
ਮਿੱਠਾ ਰਾਗ ਹੈ ਤੇਰੀ ਰਬਾਬ ਅੰਦਰ, ਪ੍ਰੇਮ-ਰਸ ਹੈ 'ਸਤਿ ਕਰਤਾਰ' ਅੰਦਰ।
ਵਿੱਕ ਜਾਏਂ ਤੂੰ ਕਿਸੇ ਦੇ ਪਿਆਰ ਅੰਦਰ, ਪਹੁੰਚੇਂ ਪਲ ਵਿਚ ਕਾਬਲ-ਕੰਧਾਰ ਅੰਦਰ।
ਵਲੀ ਪੀਰ ਫ਼ਕੀਰ ਤੇ ਸਾਧ ਜੋਗੀ, ਸਿਫ਼ਤ ਨਹੀਂ ਇਹ ਕਿਸੇ ਅਵਤਾਰ ਅੰਦਰ।
ਸਭਸ ਵਾਸਤੇ ਨੂਰ ਵਰਸਾਣ ਵਾਲਾ, ਤੇਰਾ ਮੁਖੜਾ ਹੈ ਸੰਸਾਰ ਅੰਦਰ ॥੨॥

www.AKJ.Org

# ਗੁਰ ਨਾਨਕ ਦਰਸ ਹੁਲਾਸੜੀਆਂ

[ਵਲੋਂ–ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਵਿਗਸ ਵਿਗਸ ਪਰਗਾਸ ਮੁਖ ਰਮਨੀ ਤੇ, ਨਾਨਕ ਭਾਨਾਨ ਭਾਨ ਰਿਦੇ ਪ੍ਰਗਟਾਏ ਹੈਂ ।
ਪ੍ਰਗਟ ਭਏ ਹੈਂ ਗੁਰ ਨਾਨਕ ਭਾਨਾਨ ਭਾਨ, ਅਧਿਭੁਤ ਜੋਤਿ ਰਸੁ ਹਿਰਦੇ ਰਸਾਏ ਹੈਂ ।
ਰਸਕ ਰਸਾਏ ਜੋਤਿ ਜਾਗਤ ਜਗਾਏ ਘਟਿ, ਅਣੀ ਕਣੀ ਹੋਇ ਹੀਰੇ ਹੀਰਨ ਬਿਧਾਏ ਹੈਂ ।
ਜਗਮਗ ਜੋਤਿ ਘਟ ਮੰਦਰ ਦਮਕ ਉਠੇ, ਪਾਵਨ ਪਵਿੱਤਰ ਮਿੱਤਰ ਆਜ ਮੋਰੇ ਆਏ ਹੈਂ ।

ਪਾਵਨ ਪੁਨੀਤ ਭਈ ਪਾਰਸ ਪਰਸ ਪਗ, ਜੋਤਿ-ਰਸ-ਦੀਪ ਘਟਿ ਜਗਨ ਜਗਾਏ ਹੈਂ ।
ਲਟ ਲਟ ਚਾਨਣ ਚਰਾਗ਼ ਘਟ ਮਾਹਿ ਲਸੇ, ਅੰਙਣ ਭਵਨ ਨਭ ਰੌਸ਼ਨ ਕਰਾਏ ਹੈਂ ।
ਨਭ ਰੁਸ਼ਨਾਏ ਨਾਭਿ ਦੀਪਕ ਦਿਪਾਏ, ਕੋਟ ਸੂਰ ਉਜਰਾਏ ਤੇਜ ਅਮਿੱਤ ਜੋਤਾਏ ਹੈਂ ।
ਅਮਿੱਤ ਪ੍ਰਕਾਸ਼ ਤੇਜ ਬੀਜਲ ਬਿਮਲ ਜੋਤਿ, ਪਾਵਨ ਪਵਿੱਤਰ ਮਿੱਤਰ ਆਜ ਮੋਰੇ ਆਏ ਹੈਂ ।

ਆਏ ਹੈਂ ਮਿੱਤਰ ਮੋਰੇ ਤੇਜਸੀ ਜਮਾਲ ਪੁੰਜ, ਜਲਵ ਜਲਾਲ ਸੁ ਕਮਾਲ ਦਿਖਲਾਏ ਹੈਂ ।
ਦੇਖਿ ਦੇਖਿ ਦਰਸਨ ਆਕਲ ਬਿਕਲ ਭਈ, ਸੁੱਧਿ ਬੁੱਧਿ ਹੋਸ਼ ਜੋਸ਼ ਸਭਿ ਬਿਸਰਾਏ ਹੈਂ ।
ਬਿਸਰਾਏ ਹੋਸ਼, ਨ ਜੁਸ਼ਾਏ ਜੋਸ਼ ਸ਼ਾਂਤ ਭਈ, ਮਹਾਂ ਸੁਖ ਮਈ ਸ਼ਾਂਤ ਰਸ ਉਮਗਾਏ ਹੈਂ ।
ਉਮਗਿ ਉਮਗਿ ਰਸ ਟੁਲਿ ਟੁਲਿ ਪੁਲਕਤ, ਪਾਵਨ ਪਵਿੱਤਰ ਮਿੱਤਰ ਆਜ ਮੋਰੇ ਆਏ ਹੈਂ ।

ਟੁਲਿ ਟੁਲਿ ਪੁਲਕਤ ਉਮਗਿ ਉਮਗਿ ਰਸ, ਅਜਰ ਜਰਨ ਜੀਉਰਨ ਜੀਉਰਾਏ ਹੈਂ ।
ਜੀਉਰ ਜੀਉਰ ਰਸ ਪੀਉ ਪੀਉ ਖੀਉ ਖੀਉ, ਖਿਰਨਿ ਖਿਰਨਿ ਖੀਉਰਨ ਖਿਉਰਾਏ ਹੈਂ ।
ਖੀਉਰਿ ਖੀਉਰਿ ਰਸ ਖਿਰਿ ਖਿਰਿ ਬਿਸਮਤ; ਬਿਸਮਿ ਬਿਸਮਿ ਵਿਗਸਾਂਤ ਵਿਗਸਾਏ ਹੈਂ ।
ਵਿਗਸਿ ਵਿਗਸਿ ਜੋਤਿ-ਰਸਿ ਲਿਵਲੀਨ ਭਈ,ਪਾਵਨ ਪਵਿੱਤਰ ਮਿੱਤਰ ਆਜ ਮੋਰੇ ਆਏ ਹੈਂ ।

ਮਿਤ੍ਰ ਮੋਰੇ ਆਏ ਆਜ ਭਇਆ ਹੈ ਮੰਗਲ ਸਾਜ, ਪੂਰਨ ਭਏ ਹੈਂ ਕਾਜ ਕਾਮਨਾ ਪੁਜਾਏ ਹੈਂ ।
ਕਾਮਨਾ ਪੁਜਾਏ ਫਲ ਬਾਂਛਤ ਸਗਲ ਪਾਏ, ਲਾਲ ਘਰਿ ਆਏ ਗੁਣ ਸੋਹਿਲੜੇ ਗਾਏ ਹੈਂ ।
ਸੋਹਿਲੜੇ ਗਾਏ ਅਨਹਦ ਬੇਨ ਵਾਏ, ਘਰਿ ਘਰਿ ਕੀਰਤਨ ਪੁਰਬ ਮਨਾਏ ਹੈਂ ।
ਕੀਰਤਨ ਕਰਿ ਗੁਰਪੁਰਬ ਮਨਾਏ ਘਰਿ, ਪਾਵਨ ਪਵਿੱਤਰ ਮਿੱਤਰ ਆਜ ਮੋਰੇ ਆਏ ਹੈਂ ।

ਮੋਰੈ ਘਰਿ ਆਏ ਗੁਰ ਨਾਨਕ ਪਾਵਨ ਵਰ, ਭਵਨ ਭੰਡਾਰ ਦੁਆਰ ਮੰਦਰ ਸੁਹਾਏ ਹੈਂ ।
ਭਵਨ ਭੰਡਾਰ ਬੰਕ ਦੁਆਰੜੇ ਸੁਹਾਏ, ਗ੍ਰਿਹ ਮੰਦਰ ਬਨਾਏ ਸੌਜ ਸੁੰਦਰ ਸਜਾਏ ਹੈਂ ।
ਸੁੰਦਰ ਮੰਦਰ ਸੌਜ ਮੌਜ ਸਜ ਧਜ, ਮਹਿਮਾ ਮਹੱਤ ਕਛ ਕਥਨ ਨ ਜਾਏ ਹੈਂ ।
ਕਥਨ ਅਕੱਥ ਗੱਤਿ ਮਹਿਮਾ ਮਹੱਤ ਗੁਰ, ਪਾਵਨ ਪਵਿੱਤਰ ਮਿੱਤਰ ਆਜ ਮੋਰੇ ਆਏ ਹੈਂ ।

ਪ੍ਰਗਟੇ ਜੋਤੀਸ਼ ਗੁਰ ਚਾਨਣੁ ਜਗਤਿ ਭਇਆ, ਮਿਟ ਗਈ ਧੁੰਧ ਅੰਧਕਾਰ ਬਿਨਸਾਏ ਹੈਂ ।
ਜੈਸੇ ਦਿਨਕਰ[੧] ਉਦੇ ਹੋਤ ਉਡਗਨਿ[੨] ਛਪਹਿ, ਧਰਤਿ ਆਕਾਸ਼ ਉਜਿਆਰ ਉਜਰਾਏ ਹੈਂ ।
ਮ੍ਰਿਗਰਾਜ[੩] ਬੁਕੇ ਮਿਰਗਾਵਲੀ ਪਲਾਇ ਜਾਤ, ਇਕ ਛਿਨ ਪਲ ਭਰ ਧੀਰ ਨ ਧਰਾਏ ਹੈਂ ।
ਧੀਰਨ ਧੀਰਾਨ ਗੁਰ ਪੀਰਨ ਪੀਰਾਨ ਗੁਰ, ਕਲਿਜੁਗ ਮਾਹਿ ਅਵਤਾਰ ਧਾਰ ਆਏ ਹੈਂ ।

["ਦਰਸ਼ਨ ਝਲਕਾਂ" ਪੁਸਤਕ ਵਿਚੋਂ

੧. ਦਿਨਕਰ=ਸੂਰਜ । ੨. ਉਡਗਨਿ=ਤਾਰੇ । ੩. ਮ੍ਰਿਗਰਾਜ=ਸ਼ੇਰ ।



www.AKJ.Org

# ਨਾਨਕ ਪੀਰ

[ਵਲੋਂ–ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਗੁਰਮਤਿ ਕਾਲਜ, ਪਟਿਆਲਾ]

ਸਮੁਚੇ ਗੁਰ-ਇਤਿਹਾਸ ਦੇ ਸੰਬੰਧ ਵਿਚ ਇਹ ਪ੍ਰਸ਼ਨ ਉਠਾਉਣਾ ਉਚਿਤ ਹੋਵੇਗਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੀਰ ਕਦੋਂ ਸਵੀਕਾਰ ਕੀਤਾ ਗਿਆ ? ਇਤਿਹਾਸਕ ਦਿਨ ਜਾਂ ਸਾਲ ਮਿਥਣਾ ਸ਼ਾਇਦ ਸੰਭਵ ਨਾ ਹੋਵੇ, ਪਰ ਇਹ ਗੱਲ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਤੋਂ ਜਨਤਾ ਨੂੰ ਬਹੁਤ ਛੇਤੀ ਸਪੱਸ਼ਟ ਹੋਣ ਲਗ ਪਈ ਸੀ ਕਿ ਉਹ ਇਕ ਆਜ਼ਾਦ ਵਿਚਾਰਾਂ ਦੇ ਧਾਰਮਕ ਵਿਅੱਕਤੀ ਹਨ। ਸਨਾਤਨੀ ਹਿੰਦੂ ਕਦੀ ਮਸੀਤੇ ਨਹੀਂ ਜਾਂਦਾ, ਪਰ ਗੁਰੂ ਨਾਨਕ ਦੇਵ ਜੀ ਨੇ ਕਾਜ਼ੀ ਨਾਲ ਨਮਾਜ਼ ਪੜ੍ਹਨ ਤੋਂ ਕੋਈ ਸੰਕੋਚ ਨਹੀਂ ਕੀਤਾ। ਮੱਕੇ ਵੀ ਗਏ, ਬਗ਼ਦਾਦ ਦੇ ਪੀਰਾਂ ਨੂੰ ਭੀ ਮਿਲੇ, ਹਿੰਦੁਸਤਾਨ ਦੇ ਮੋਮਨ ਪੀਰਾਂ-ਫ਼ਕੀਰਾਂ ਨਾਲ ਭੀ ਰੱਬ ਦੇ ਸੰਬੰਧ ਵਿਚ ਵਿਚਾਰ-ਵਟਾਂਦਰਾ ਕੀਤਾ; ਜਿਸ ਤੇ ਮੋਮਨ ਪੀਰ ਆਪ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਤ ਹੋਏ ਤੇ ਉਹਨਾਂ ਨੇ ਸਤਿਕਾਰ ਵਜੋਂ ਆਪਣੇ ਵਰਗਾ ਦਰਜਾ ਦੇ ਦਿੱਤਾ। ਆਪ ਨੂੰ 'ਨਾਨਕ ਪੀਰ' ਕਰਕੇ ਪੁਕਾਰਿਆ ਸਤਿਕਾਰਿਆ ਜਾਂਦਾ ਸੀ।

ਵੇਈਂ ਨਦੀ ਤੋਂ ਬਾਹਰ ਆਉਣ ਤੋਂ ਪਿਛੋਂ ਆਪ ਨੇ ਸੁਲਤਾਨ ਪੁਰ ਲੋਧੀ ਵਿਖੇ, ਜਿਥੇ ਦੌਲਤ ਖ਼ਾਨ ਲੋਧੀ ਹਾਕਮ ਸੀ, ਇਹ ਖੁਲ੍ਹ-ਮ-ਖੁਲ੍ਹਾ ਕਹਿਣਾ ਸ਼ੁਰੂ ਕਰ ਦਿਤਾ ਸੀ ਕਿ ਇਥੇ ਨਾ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ :

ਜਾਣਹੁ ਜੋਤਿ ਨ ਪੂਛਹੁ ਜਾਤੀ, ਆਗੈ ਜਾਤਿ ਨ ਹੇ ॥੧॥ਰਹਾਉ॥ (ਆਸਾ ਮ: ੧, ੩੪੯)

ਆਪ ਦੇ ਨਵੇਂ ਐਲਾਨ ਦਾ ਆਧਾਰ ਇਹੋ ਸੀ ਕਿ ਇਕੋ ਨੂਰ ਤੋਂ ਸਾਰਾ ਸੰਸਾਰ ਬਣਿਆ ਹੈ। ਇਹ ਉਚ ਨੀਚ, ਇਹ ਜਾਤ-ਪਾਤ, ਇਹ ਹਿੰਦੂ ਮੁਸਲਿਮ ਦਾ ਵਿਤਕਰਾ ਇਕ ਫ਼ਜ਼ੂਲ ਜਿਹਾ ਝਗੜਾ ਹੈ। ਮੁਸਲਮਾਨ ਸ਼ਾਸਕ ਹਿੰਦੂ ਧਾਰਮਕ ਆਗੂ ਨੂੰ ਹਮੇਸ਼ਾ ਇਹੋ ਸਵਾਲ ਪੁਛਦੇ ਸਨ ਕਿ ਕਉਣ ਜ਼ਿਆਦਾ ਚੰਗਾ ਹੈ– ਹਿੰਦੂ ਕਿ ਮੁਸਲਮਾਨ ? ਹਿੰਦੂ ਲਈ ਇਸ ਸਵਾਲ ਦਾ ਜਵਾਬ ਦੇਣਾ ਔਖਾ ਹੋ ਜਾਂਦਾ। ਜੇ ਉਹ ਹਿੰਦੂ ਨੂੰ ਚੰਗਾ ਕਹੇ ਤਾਂ ਉਸ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਤੇ ਜੇ ਉਹ ਇਸਲਾਮ ਨੂੰ ਚੰਗਾ ਕਹੇ ਤਾਂ ਉਸ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਂਦਾ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭੀ ਇਹੋ ਸਵਾਲ ਪੁੱਛਿਆ ਗਿਆ ਸੀ, ਪਰ ਉਨ੍ਹਾਂ ਦੇ ਜਵਾਬ ਵਿਚ ਜੋ ਨਿਡਰਤਾ ਸੀ, ਤੇ ਸੱਚਾਈ ਦਾ ਪ੍ਰਗਟਾਵਾ ਸੀ ਉਸ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਹ ਆਮ ਹਿੰਦੂ ਧਾਰਮਕ ਆਗੂਆਂ ਨਾਲੋਂ ਵਿਲੱਖਣ ਸਨ ਤੇ ਉਨ੍ਹਾਂ ਨੂੰ ਦੂਜੇ ਧਰਮ ਵਾਲਿਆਂ ਨਾਲ ਗੱਲ-ਬਾਤ ਕਰਨ ਵਿਚ ਨਾ ਕੋਈ ਡਰ ਲਗਦਾ ਸੀ, ਨਾ ਕਦੇ ਸੰਕੋਚ ਹੋਇਆ ਸੀ।

ਭਾਈ ਗੁਰਦਾਸ ਜੀ ਦਸਦੇ ਹਨ ਕਿ ਜਦੋਂ ਉਨ੍ਹਾਂ ਤੋਂ ਪੁਛਿਆ ਗਿਆ ਕਿ ਕੌਣ ਵੱਡਾ ਹੈ–ਹਿੰਦੂ ਕਿ ਮੁਸਲਮਾਨ ? ਤਾਂ ਗੁਰੂ ਬਾਬੇ ਨੇ ਹਾਜੀਆਂ ਨੂੰ ਉਤਰ ਦਿੱਤਾ ਕਿ ਸ਼ੁਭ ਅਮਲਾਂ ਬਾਝੋਂ ਦੋਵੇਂ ਕਿਸਮ ਦੇ ਮਨੁੱਖ ਅੰਤ ਨੂੰ ਖੁਆਰ ਹੁੰਦੇ ਹਨ। ਹਿੰਦੂ ਜਾਂ ਇਸਲਾਮੀ ਲੇਬਲ ਲਗਾਉਣ ਨਾਲ ਕੋਈ ਭੀ ਵਿਅਕਤੀ ਵੱਡਾ ਨਹੀਂ ਹੋ ਜਾਂਦਾ :

ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝਹੁ ਦੋਨੋਂ ਰੋਈ। (ਵਾਰ ੧-੩੩)

ਇਉਂ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੇ ਪੀਰ ਹੋਏ ਹਨ, ਭਾਵੇਂ ਸਿਖ ਇਤਿਹਾਸ ਨੇ ਇਹੋ ਇਤਿ-ਹਾਸਕ ਸਚਾਈ ਮੰਨੀ ਹੈ ਕਿ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਜੀ ਹੀ ਸਨ। ਆਮ ਦੁਨੀਆ ਦੇ



www.AKJ.Org

ਸੰਸਾਰੀ ਦ੍ਰਿਸ਼ਟੀ ਵਾਲੇ ਲੋਕਾਂ ਦੀਆਂ ਨਜ਼ਰਾਂ ਵਿਚ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਮਨੁੱਖੀ ਜਾਮੇ ਦੀ ਉਮਰ ਕੇਵਲ ੧੧ ਸਾਲ ਦੀ ਸੀ, ਜਦੋਂ ਉਹ ਪਿਤਾ ਗੁਰੂ ਅਰਜਨ ਦੇਵ ਜੀ ਦੀ ਗੁਰ-ਗੱਦੀ ਤੇ ਬਿਰਾਜੇ ਸਨ। ਸੰਸਾਰਕ ਦ੍ਰਿਸ਼ਟੀ ਤੋਂ ੧੧ ਸਾਲ ਦਾ ਬੱਚਾ ਅਨਜਾਣ ਹੁੰਦਾ ਹੈ। ਇਤਿਹਾਸਕਾਰ ਇਸੇ ਨੁਕਤੇ ਨੂੰ ਸਮਝ ਨਹੀਂ ਸਕੇ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਵੇਂ ਬਾਲ-ਅਵਸਥਾ ਵਿਚ ਹੀ ਇਤਨੀ ਮਹਾਨ ਘਟਨਾ ਕਰ ਵਿਖਾਈ। ਉਹਨਾਂ ਨੂੰ ਸ਼ਾਇਦ ਇਹ ਗੱਲ ਅਜੇ ਸਮਝ ਨਾ ਆਵੇ ਕਿ ਆਪ ਅੰਦਰ ਜੋ ਗੁਰ-ਜੋਤਿ ਜਗਮਗਾ ਰਹੀ ਸੀ, ਉਸ ਦੀ ਉਮਰ ਮਨੁੱਖੀ ਕਾਲ-ਮਾਪ ਅਨੁਸਾਰ ੧੩੭ ਵਰ੍ਹੇ ਸੀ, ਪਰ ਅਸਲੋਂ ਉਹ ਅਕਾਲੀ ਜੋਤਿ ਆਦਿ-ਜੁਗਾਦਿ ਸੀ। ਸਿੱਖ ਇਤਿਹਾਸ ਦੇ ਲਿਖਾਰੀਆਂ ਨੇ ਗੁਰੂ ਸਾਹਿਬਾਨ ਨੂੰ ਆਮ ਸਧਾਰਨ ਪੰਜ-ਭੂਤਕੀ ਮਿੱਟੀ ਦਾ ਪੁਤਲਾ ਮੰਨ ਕੇ ਘਟਨਾਵਾਂ ਜੋੜਨ-ਤੋੜਨ ਦਾ ਜਤਨ ਕੀਤਾ ਹੈ। ਦਸੋਂ ਪਾਤਸ਼ਾਹੀਆਂ ਪੰਜ-ਭੂਤਕੀ ਸਰੀਰ ਵਿਚ ਵਿਚਰਦਿਆਂ ਹੋਇਆਂ ਭੀ ਜਗਤ-ਨੂਰ ਨਾਲ ਸਰਸ਼ਾਰ ਸਨ। ਭਾਈ ਗੁਰਦਾਸ ਜੀ ਇਸ ਭੇਦ ਨੂੰ ਜਾਣਦੇ ਸਨ, ਤਾਂ ਹੀ ਉਹਨਾਂ ਕਿਤੇ ਸੰਕੇਤ ਦਿੱਤੇ ਹਨ :

ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ। (ਭਾਈ ਗੁਰਦਾਸ ੧-੩੧)
ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ। (ਭਾਈ ਗੁਰਦਾਸ ੧-੩੫)

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਸੇ ਅਗਮ ਅਗਾਧਿ ਜੋਤਿ ਨੂੰ ਹਿੰਦੂ ਤੇ ਮੁਸਲਮਾਨਾਂ ਨੇ ਗੁਰੂ ਪੀਰ ਕਰ ਕੇ ਸਤਕਾਰਿਆ। ਨਾਨਕ ਪੀਰ ਸਭ ਦੇ ਪਿਆਰੇ ਸਨ। ਉਹ ਤਾਂ ਉਪਦੇਸ਼ ਹੀ ਇਹੋ ਕਰਦੇ ਸਨ ਕਿ ਬੰਦਿਆਂ ਦੇ ਸਰੀਰਾਂ ਵਲ ਨਾ ਵੇਖੋ, ਸਰੀਰ ਦੀ ਸੀਮਾ ਤੋਂ ਉਪਰ ਉਠਣ ਦਾ ਜਤਨ ਕਰੋ। ਇਸ ਤੋਂ ਉਪਰ ਜੋਤਿ ਹੈ, ਨੂਰ ਹੀ ਨੂਰ ਹੈ;

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥੩॥
(ਧਨਾਸਰੀ ਮ: ੧, ਪੰਨਾ ੧੩)

ਉਪਰਲੇ ਗੁਰ ਵਾਕਾਂ ਤੇ ਕੀਤੀ ਗਈ ਵਿਚਾਰ ਤੋਂ ਜਿਥੇ ਇਕ ਅਧਿਆਤਮਕ ਸਚਾਈ ਦਾ ਸੰਕੇਤ ਮਿਲਦਾ ਹੈ, ਉਥੇ ਦੂਜਾ ਸੰਕੇਤ ਇਹ ਭੀ ਮਿਲਦਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਹਿੰਦੂ ਮੁਸਲਮਾਨ ਦੋਹਾਂ ਕੌਮਾਂ ਦੇ ਸਾਂਝੇ ਪੀਰ ਸਨ। ਆਪ ਇਹਨਾਂ ਦੋਹਾਂ ਕੌਮਾਂ ਦੇ ਮਨੁੱਖੀ ਵਿਤਕਰੇ ਭਰੇ ਧਾਰਮਕ ਤੇ ਸਭਿਆਚਾਰਕ ਘੇਰੇ ਤੋਂ ਉੱਚੇ ਉਠ ਚੁੱਕੇ ਸਨ। ਉਹਨਾਂ ਤਾਂ ਕੇਵਲ ਇਕ ਅਕਾਲ ਪੁਰਖ ਦਾ ਸੰਦੇਸ਼ ਦੇਣ ਲਈ ਨਾਨਕ ਗੁਰੂ ਜਾਂ ਨਾਨਕ ਪੀਰ ਦਾ ਭੇਖ ਧਾਰਨ ਕੀਤਾ ਸੀ।

ਨਾਨਕ ਪੀਰ ਦੀ ਪ੍ਰਭੂ-ਸੱਤਾ ( Sovereignty ) ਧੁਰ ਤੋਂ ਬਖਸ਼ਸ਼ ਹੋਈ ਸੀ। ਆਪ ਹਮੇਸ਼ਾ ਸੁਤੰਤਰ ਹੋ ਕੇ ਵਿਚਰੇ ਹਨ। ਮੱਕੇ ਵਲ ਪੈਰ ਪਸਾਰ ਕੇ ਲੇਟਣਾ ਮੁਸਲਮਾਨੀ ਪਰੰਪਰਾ ਨੂੰ ਖੁਲ੍ਹੀ ਵੰਗਾਰ ਸੀ। ਸਤ ਆਕਾਸ਼ ਤੇ ਸਤ ਪਾਤਾਲ ਦੀ ਥਿਊਰੀ ਉਹੀ ਰੱਦ ਕਰ ਸਕਦਾ ਹੈ ਜਿਸ ਦੀ ਦ੍ਰਿਸ਼ਟੀ ਲੱਖ ਆਕਾਸ਼ਾਂ ਤੇ ਪਾਤਾਲਾਂ ਨੂੰ ਦੇਖ ਸਕਦੀ ਹੋਵੇ। ਗਗਨ ਨੂੰ ਥਾਲ ਤੇ ਚੰਦ ਸੂਰਜ ਨੂੰ ਆਰਤੀ ਲਈ ਸਦਾ ਜਗਦੇ ਦੀਵੇ ਦਿਬ-ਦ੍ਰਿਸ਼ਟੀ ਸੰਪੰਨ ਗੁਰੂ ਨਾਨਕ ਦੇਵ ਹੀ ਕਹਿ ਸਕਦੇ ਸਨ। ਜਿਥੇ ਜਿਥੇ ਭੀ ਆਪ ਗਏ ਹਨ, ਸ਼ਬਦ ਦੇ ਤੇਜਮਈ ਪ੍ਰਕਾਸ਼ ਸਦਕਾ ਅਕਾਲ ਪੁਰਖ ਦੇ ਤਤ-ਗਿਆਨ ਰਾਹੀਂ ਸਭ ਨੂੰ ਨੂਰੋ-ਨੂਰ ਕਰਨ ਦਾ ਜਤਨ ਕੀਤਾ ਹੈ :

ਮਾਰਿਆ ਸਿਕਾ ਜਗਤ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ। (ਵਾਰ ੧-੪੫)

ਸਿੱਕਾ ਚਲਾਉਣਾ ਅੱਜ ਭੀ ਪ੍ਰਭੂ-ਸੱਤਾ ਦਾ ਪ੍ਰਤੀਕ ਹੈ। ਨਾਨਕ ਪੀਰ ਦਾ ਸਿੱਕਾ ਕੀ ਸੀ ? ਇਹ ਉਹਨਾਂ ਦੀ ਧਰਮ ਦੇ ਖੇਤਰ ਵਿਚ ਮਾਣੀ ਗਈ ਸੁਤੰਤਰਤਾ ਸੀ। ਆਪ ਕਿਸੇ ਦੁਨਿਆਵੀ 'ਘਰਾਣੇ', ਮਠ ਜਾਂ ਸੰਪ੍ਰਦਾ ਦੇ ਵਰੋਸਾਏ ਹੋਏ ਨਹੀਂ ਸੀ। ਅਕਾਲ ਪੁਰਖ ਦੀ ਬਖਸ਼ਸ਼ ਤੋਂ ਬਾਅਦ ਸਤਿਗੁਰਾਂ ਨੂੰ ਸਚਖੰਡ ਤੋਂ


www.AKJ.Org

ਨਉਨਿਧਿ ਨਾਮ ਤੇ ਗਰੀਬੀ ਦੀ ਦਾਤਿ ਪ੍ਰਾਪਤ ਹੋਈ। ਸਿਧੀ ਧੁਰੋਂ ਹੀ ਬਖਸ਼ਸ਼ ਹੋਈ, ਕਿਸੇ ਮਨੁੱਖ ਪਾਸੋਂ ਨਹੀਂ ਮਿਲੀ, ਕਿਸੇ ਮਨੁੱਖ ਨੂੰ ਗੁਰੂ ਧਾਰਨ ਨਹੀਂ ਕੀਤਾ। ਭਾਰਤ ਦੇ ਭਗਤੀ ਲਹਿਰ ਨਾਲ ਸੰਬੰਧਤ ਸਾਰੇ ਭਗਤ—ਰਾਮਾਨੁਜ, ਰਾਮਾ ਨੰਦ, ਕਬੀਰ, ਨਾਮਦੇਵ, ਰਵਿਦਾਸ ਤੇ ਦੱਖਣ ਦੇ ਅਲਵਾਰ ਭਗਤ ਕਿਸੇ ਨਾ ਕਿਸੇ ਮਨੁੱਖ ਦਵਾਰਾ ਦੀਖਿਅਤ ਹੁੰਦੇ ਰਹੇ। ਪਰ ਗਉੜੀ ਰਾਗ ਵਿਚ ਸਾਹਿਬ ਆਪ ਫੁਰਮਾਉਂਦੇ ਹਨ :

ਸਤਿਗੁਰੁ ਦੇਖਿਆ ਦੀਖਿਆ ਲੀਨੀ ॥ ਮਨੁ ਤਨੁ ਅਰਪਿਓ ਅੰਤਰਗਤਿ ਕੀਨੀ ॥
ਗਤਿ ਮਤਿ ਪਾਈ ਆਤਮੁ ਚੀਨੀ ॥੪॥੧੫॥ (ਗਉੜੀ ਮ: ੧, ਪੰਨਾ ੨੨੭)

ਇਉਂ ਕਿਸੇ ਬੰਦੇ ਤੋਂ ਦੀਖਿਅਤ ਨਾ ਹੋਣਾ ਸਤਿਗੁਰਾਂ ਲਈ ਆਪਣੇ ਆਪ ਵਿਚ ਇਕ ਬਹੁਤ ਵੱਡੇ ਮਾਣ ਵਾਲੀ ਗੱਲ ਹੈ। ਦੇਖਿਆ ਜਾਏ ਤਾਂ ਧਰਮਾਂ ਦੇ ਇਤਿਹਾਸ ਵਿਚ ਧਰਮ ਦੇ ਸੰਚਾਲਕਾਂ ਨੂੰ ਪ੍ਰਭੂ ਪਰਮਾਤਮਾ ਤੋਂ ਦੀਖਿਅਤ ਮੰਨਿਆ ਜਾਂਦਾ ਰਿਹਾ ਹੈ, ਜਿਵੇਂ ਯਹੂਦੀਆਂ ਦਾ ਮੂਸਾ, ਈਸਾਈਆਂ ਦਾ ਈਸਾ, ਮੋਮਨਾਂ ਦਾ ਮੁਹੰਮਦ, ਹਿੰਦੂਆਂ ਦੇ ੨੪ ਅਵਤਾਰ ਧੁਰੋਂ ਹੀ ਵਰੋਸਾਏ ਗਏ ਮੰਨੇ ਗਏ ਹਨ। ਇਸ ਹਿਸਾਬ ਨਾਲ ਸਤਿਗੁਰੂ ਨਾਨਕ ਦੇਵ ਜੀ ਨੂੰ ਕੇਵਲ ਪੀਰ ਦਾ ਦਰਜਾ ਦੇਣਾ ਉਹਨਾਂ ਦੀ ਸ਼ਾਨ ਵਿਚ ਫ਼ਰਕ ਪਾਉਣਾ ਹੈ। ਪਰ ਜਿਸ ਸਮੇਂ ਵਿਚ ਉਹਨਾਂ ਨੂੰ ਪੀਰ ਕਰਕੇ ਨਿਵਾਜਿਆ ਗਿਆ ਸੀ, ਉਹ ਇਸਲਾਮੀ ਸ਼ਰ੍ਹਾ ਦੇ ਡੂੰਘੇ ਪ੍ਰਭਾਵ ਹੇਠ ਸੀ। ਉਹ ਆਪਣੀ ਧਾਰਮਿਕ ਸ਼ਰ੍ਹਾ ਅਨੁਕੂਲ ਕਿਸੇ ਆਨਮਤੀ 'ਕਾਫ਼ਰ' ਨੂੰ ਇਸ ਤੋਂ ਵਧ ਉਪਾਧੀ ਦੇ ਹੀ ਨਹੀਂ ਸੀ ਸਕਦੇ। ਪੀਰ ਦੀ ਉਪਾਧੀ ਕੇਵਲ ਮੁਸਲਮਾਨ ਸੂਫ਼ੀ ਸੰਤਾਂ ਲਈ ਰਾਖਵੀਂ ਸੀ। ਪਰ ਇਹ ਸਤਿਗੁਰ ਨਾਨਕ ਦੇਵ ਜੀ ਦੀ ਵਡਿਆਈ ਹੈ ਕਿ ਉਹਨਾਂ ਨੇ ਇਸ ਮੁਸਲਮਾਨੀ ਪਰੰਪਰਾ ਨੂੰ ਤੋੜ ਕੇ ਸਭ ਤੋਂ ਸਤਿਕਾਰ ਪ੍ਰਾਪਤ ਕੀਤਾ। ਮੁਸਲਮਾਨ ਪੀਰ ਆਪ ਨੂੰ ਮੁਸ਼ਕਿਆ ਨਾਨਕ ਪੀਰ ਕਹਿੰਦੇ ਸਨ। ਮੁਸ਼ਕੇ ਦੇ ਅਰਥ ਹਨ ਕਿ ਮੁਸਲਮਾਨ ਸੂਫ਼ੀਆਂ ਨੂੰ ਆਪ ਦੇ ਦਰਸ਼ਨ ਕਰ ਕੇ ਇਕ ਖ਼ਾਸ ਨੂਰੀ ਆਨੰਦ ਦੀ ਪ੍ਰਾਪਤੀ ਹੁੰਦੀ ਸੀ।

ਪੀਰ ਸ਼ਰ੍ਹਾ ਦੀ ਕੈਦ ਵਿਚ ਰਹਿੰਦਾ ਹੈ। ਉਹ ਕੁਰਾਨ ਮਜੀਦ ਵਿਚ ਲਿਖੇ ਸੱਤ ਆਕਾਸ਼ ਤੋਂ ਅੱਠ ਨਹੀਂ ਕਹਿ ਸਕਦਾ; ਭਾਵੇਂ ਉਸ ਨੂੰ ਝਲਕਾਰੇ ਨਾਲ ਇਸ ਤੋਂ ਵਧ ਅਕਾਸ਼ ਵੀ ਦਿਸਦੇ ਹੋਣ। ਪਰ ਉਹ ਉਮਤ ਨੂੰ ਕੁਰਾਨ ਤੋਂ ਬੇਮੁੱਖ ਨਹੀਂ ਕਰ ਸਕਦਾ। ਉਹ ਜ਼ਾਹਰ ਦਿਸਦੇ ਸੱਚ ਤੋਂ ਅੱਖਾਂ ਮੀਚਣ ਲਈ ਤਿਅ ਰ ਹੈ—ਜੇਕਰ ਉਸ ਸੱਚ ਦਾ ਕੁਰਾਨ ਦੇ ਕਿਸੇ ਆਇਤ ਨਾਲ ਮੇਲ ਨਹੀਂ ਬਣਦਾ। ਪੀਰ ਕੈਦੀ ਹੈ ਆਪਣੇ ਮਜ਼ੁਬ ਦਾ। ਉਸ ਨੂੰ ਪਤਾ ਹੈ ਕਿ ਖ਼ਾਲਕ ਦੀ ਸਾਰੀ ਖ਼ਲਕਤ ਕਿਸੇ ਨਾ ਕਿਸੇ ਨਾਮ ਨਾਲ ਉਸ ਨੂੰ ਯਾਦ ਕਰ ਸਕਦੀ ਹੈ, ਪਰ ਸ਼ਰ੍ਹਾ ਉਸ ਨੂੰ ਦਵੈਤ ਭਾਵਨਾ ਬਣਾਈ ਰਖਣ ਲਈ ਪ੍ਰੇਰਦੀ ਹੈ। ਇਸ ਲਈ ਉਹ ਸਾਰੀ ਉਮਰ ਦੇ ਕਠਨ ਧਾਰਮਕ ਸਾਧਨਾ ਤੋਂ ਬਾਅਦ ਭੀ ਦੂਈ ਨਹੀਂ ਮਿਟਾ ਸਕਦਾ। ਉਸ ਲਈ ਮੋਮਨ ਤੋਂ ਛੁੱਟ ਸਾਰੇ ਰੱਬ ਤੋਂ ਬੇ-ਮੁਖ ਕਾਫ਼ਰ ਹੀ ਹਨ। ਵਲੀ ਕੰਧਾਰੀ ਨੇ ਮਰਦਾਨੇ ਨੂੰ ਪਾਣੀ ਇਸ ਲਈ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਹ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ-ਪੀਰ ਮੰਨਦਾ ਸੀ। ਵਲੀ ਕੰਧਾਰੀ ਲਈ "ਗੁਰੂ ਨਾਨਕ ਗੋਬਿੰਦ ਰੂਪ" ਨਹੀਂ ਸੀ—ਉਸ ਲਈ ਉਹ 'ਕਾਫ਼ਰ' ਸੀ। ਇਸਲਾਮ ਦੀ ਆਪਣੀ ਇਕ ਮਜਬੂਰੀ ਹੈ, ਆਪਣੀ ਇਕ ਸੀਮਾ ਹੈ, ਇਕ ਆਪਣੀ ਸ਼ਰ੍ਹਾ ਹੈ, ਜਿਸ ਨੇ ਇਸਲਾਮੀ ਜਗਿਆਸੂ ਨੂੰ "ਸਰਬ ਮੈ ਪੇਖੈ ਭਗਵਾਨੁ" (੨੭੪) ਦੇ ਵਿਸ਼ਾਲ ਆਕਾਸ਼ ਵਿਚ ਉਡਾਰੀਆਂ ਲਾਉਣ ਤੋਂ ਰੋਕੀ ਰਖਿਆ ਹੈ। ਉਸ ਦੇ ਪੈਰ ਸਦਾ ਲਈ ਸ਼ਰ੍ਹਾ ਦੀ ਕਿੱਲੀ ਨਾਲ ਬੰਨ੍ਹ ਦਿੱਤੇ ਗਏ ਹਨ। ਉਹ ਸਦਾ ਲਈ ਕੈਦੀ ਬਣ ਗਿਆ। ਅੱਜ ਦੇ ਵਿਦਵਾਨ ਅਜਿਹੇ ਸਿਆਸੀ ਧਰਮਾਂ ਨੂੰ (Closed religion) ਸੰਕੀਰਣ ਧਰਮ ਕਹਿੰਦੇ ਹਨ। ਸੂਫ਼ੀ ਸੰਤ ਫਕੀਰਾਂ ਨੂੰ ਚਾਨਣ ਦਿੱਸਣ ਲਗ ਪਿਆ ਸੀ। ਜਿਨ੍ਹਾਂ ਦੀਆਂ ਬੇੜੀਆਂ ਖੁਲ੍ਹ ਗਈਆਂ ਸਨ, ਉਹ ਪੀਰ ਨਾ ਰਹੇ, ਸੂਫ਼ੀ ਬਣ ਗਏ, ਉਹ ਸਾਈਂ ਲੋਕ ਬਣ ਗਏ। ਉਹਨਾਂ ਫਿਰ ਹਰਿਮੰਦਰ ਦਾ ਨੀਂਹ-ਪੱਥਰ ਰਖਣ ਵਿਚ ਸੰਕੋਚ ਨਹੀਂ ਕੀਤਾ, ਉਹਨਾਂ ਫਿਰ ਆਪਣੇ ਪੁੱਤਰ ਤੇ ਉਮਤ ਨੂੰ ਭੰਗਾਣੀ ਦੇ


www.AKJ.Org

ਯੁੱਧ ਵਿਚ ਗੁਰ-ਚਰਨਾਂ ਤੋਂ ਵਾਰਨ ਵਿਚ ਰੱਤੀ ਭਰ ਭੀ ਕਾਂਪ ਨਹੀਂ ਖਾਧੀ।

ਨਾਨਕ ਪੀਰ ਨੇ ਕਿਸੇ ਕੈਦੀ ਪੀਰ (ਦੀ ਬਾਣੀ) ਦਾ ਕਲਾਮ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਨਹੀਂ ਕੀਤਾ। ਇਸ ਬਾਣੀ-ਬੋਹਿਥ ਵਿਚ ਉਹਨਾਂ ਨਾਲ ਸਾਂਝ ਪਾਈ ਹੈ ਜਿਨ੍ਹਾਂ ਮਨੁੱਖੀ ਸਰੀਰ ਤੇ ਧਰਮ ਦੀ ਸ਼ਰ੍ਹਾ-ਸ਼ਰੀਅਤ ਦੀ ਕੈਦ ਤੋਂ ਉਪਰ ਉਠ ਕੇ ਕੇਵਲ ਜੋਤਿ ਨੂੰ ਸਾਖਿਆਤ ਕਰ ਲਿਆ ਸੀ।

ਗੁਰੂ ਨਾਨਕ ਪੀਰ ਧੁਰੋਂ ਹੀ ਆਜ਼ਾਦ ਹੋ ਕੇ ਆਏ ਸਨ। ਉਹ ਕਿਸੇ ਸ਼ਾਸਤਰ ਜਾਂ ਕੁਲ-ਧਰਮਾਂ ਜਾਂ ਸਮੇਂ ਦੇ ਰੀਤੀ-ਰਿਵਾਜ ਤੋਂ ਉਪਰ ਉਠ ਚੁਕੇ ਹੋਏ ਸਨ। ਉਹਨਾਂ ਅਨੁਭਵ ਕਰ ਲਿਆ ਸੀ ਕਿ ਸ਼ਾਸਤਰ ਜਾਂ ਵੇਦ ਸਹੀ ਤੱਤ-ਗਿਆਨ ਨੂੰ ਨਹੀਂ ਪਾ ਸਕੇ, ਸਗੋਂ ਤਤ ਵਸਤੂ ਨੂੰ ਨਾ ਸਮਝਣ ਕਰਕੇ ਉਹਨਾਂ ਨੇ ਸਮੁੱਚੇ ਹਿੰਦੂ ਸਮਾਜ ਨੂੰ ਭੰਭਲ-ਭੂਸੇ ਵਿਚ ਪਾਇਆ ਹੋਇਆ ਹੈ। ਇਕ ਵਾਹਿਗੁਰੂ ਜੀ ਦੇ ਨਾਮ ਤੋਂ ਬਿਨਾਂ ਉਹਨਾਂ ਦੁਆਰਾ ਦਿੱਤਾ ਗਿਆਨ ਸਭ ਹੋਛਾ ਹੋਛਾ ਜਿਹਾ ਪਰਤੀਤ ਹੁੰਦਾ ਜਾਪਿਆ ਹੈ। ਗੁਰਦੇਵ ਦੀ ਵਿਆਖਿਆ ਪੰਜਵੇਂ ਨਾਨਕ ਕਰਦੇ ਹਨ :

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥

(ਸੂਹੀ ਮ: ੫, ਪੰਨਾ ੭੬੧)

ਇਸੇ ਤਰ੍ਹਾਂ ਸਮਾਜਿਕ-ਧਾਰਮਿਕ ਕਾਰ-ਵਿਹਾਰ ਭੀ ਵਾਹਿਗੁਰੂ ਜੀ ਦੀ ਅਣਹੋਂਦ ਵਿਚ ਹੋ ਰਿਹਾ ਸੀ। ਘਰ ਦਿਆਂ ਨੂੰ ਇਸ ਸੁਤੰਤਰਤਾ ਦਾ ਭੇਦ ਉਦੋਂ ਖੁਲ੍ਹਿਆ ਜਦੋਂ ਬ੍ਰਾਹਮਣ ਨੇ ਜਨੇਊ ਪਾਉਣ ਲਈ ਕਿਹਾ ਸੀ। ਉਹਨਾਂ ਨੇ ਇਕੱਤਰ ਹੋਈ ਬਰਾਦਰੀ ਨੂੰ ਸਾਵਧਾਨ ਕੀਤਾ ਸੀ, ਪਰ ਸ਼ਾਇਦ ਕਿਸੇ ਭੀ ਬਹੁਤਾ ਗੌਲਿਆ ਨਹੀਂ। ਇਸੇ ਸੁਤੰਤਰਤਾ ਨੇ ਫਿਰ ਵਿਰਾਟ ਰੂਪ ਧਾਰਨ ਕੀਤਾ, ਜਦੋਂ ਨਿਰੋਲ ਹਿੰਦੂ ਧਾਰਮਕ ਕੇਂਦਰਾਂ ਤੇ ਪੁੱਜ ਕੇ ਕਰਮ-ਕਾਂਡ ਦੀ ਆਪ ਨੇ ਨਿਖੇਧੀ ਕੀਤੀ, ਪੂਰਬ ਦੀ ਥਾਂ ਪੱਛਮ ਨੂੰ ਪਾਣੀ ਦਿੱਤਾ; ਜਗਨ ਨਾਥ ਪੁਰੀ ਦੀ ਆਰਤੀ ਨੂੰ ਫੋਕਟ ਆਖਿਆ ਤੇ ਇਹੋ ਜਿਹੀਆਂ ਬੇਅੰਤ ਖੁਲ੍ਹਾਂ ਆਪਣੇ ਪਰਚਾਰ-ਦੌਰਿਆਂ ਸਮੇਂ ਵਰਤੀਆਂ।

ਇਸੇ ਤਰ੍ਹਾਂ ਆਪ ਨੇ ਚਾਰ ਉਦਾਸੀਆਂ ਤੋਂ ਪਿਛੋਂ ਸ੍ਰੀ ਕਰਤਾਰਪੁਰ ਵਿਖੇ 'ਸੱਚ-ਧਰਮਸਾਲਾ' ਬੱਧੀ ਉਦਾਸੀ ਭੇਖ ਉਤਾਰ ਕੇ ਸੱਚੀ-ਸੁੱਚੀ ਕਿਰਤ ਕਰਨ ਦੀ ਪਿਰਤ ਪਾਈ। ਇਸ ਧਰਮਸਾਲ ਵਿਚ ਸਿੱਖਾਂ ਅੰਦਰ ਜੋ ਨਵੀਂ ਮਰਯਾਦਾ ਬੰਨ੍ਹੀ, ਉਸ ਵਿਚ ਵੇਦ ਸ਼ਾਸਤਰਾਂ ਜਾਂ ਕਰਮ-ਕਾਂਡ ਦੀ ਕੋਈ ਥਾਂ ਨਹੀਂ ਸੀ। ਹਿੰਦੂ ਸਾਧ ਸੰਤ ਆਉਂਦੇ ਸਨ, ਬ੍ਰਾਹਮਣ ਤੇ ਵਿਦਵਾਨ ਭੀ ਹੈਰਾਨ ਹੋ ਹੋ ਜਾਂਦੇ ਸਨ ਕਿ ਕੀ ਪਰੰਪਰਾਗਤ ਕਰਮ-ਕਾਂਡ ਛਡ ਕੇ ਅਨੇਕਾਂ ਜਗਿਆਸੂ ਇੰਞ ਪਾਰ ਹੋ ਜਾਣਗੇ? ਸ਼ੰਕਾ ਕਰਨ ਵਾਲੇ ਕਦੇ ਪਾਰ ਨਹੀਂ ਹੋਏ, ਨਾ ਹੀ ਕਦੇ ਹੁੰਦੇ ਹਨ। ਜਿਨ੍ਹਾਂ ਨੇ ਨਾਨਕ ਪੀਰ ਦੀ ਆਗਿਆ ਮੰਨ ਲਈ ਉਹ ਸਿਖ ਬਣ ਗਏ, ਉਹਨਾਂ ਵਿਚੋਂ ਹੀ ਨਾਨਕ ਪੀਰ ਦੀ ਗੱਦੀ ਤੇ ਬੈਠਣ ਦੇ ਅਧਿਕਾਰੀ ਵੀ ਬਣੇ। ਆਪ ਭੀ ਤਰੇ ਤੇ ਅਨੇਕਾਂ ਨੂੰ ਜੀਵਨ-ਜਾਚ ਦੀ ਸੋਝੀ ਬਖਸ਼ੀ। ਬਾਕੀ ਦੇ ਰੌਲਾ ਹੀ ਪਾਉਂਦੇ ਰਹੇ—ਉਹਨਾਂ ਦੇ ਹੱਥ-ਪੱਲੇ ਕੁਝ ਨਹੀਂ ਪਿਆ। ਦਸ ਜਾਮਿਆਂ ਤੀਕ ੨੩੦ ਸਾਲ ਨਾਨਕ ਪੀਰ ਦੀ ਨੂਰੀ-ਜੋਤਿ ਦੇਹ-ਧਾਰੀ ਜਾਮੇ ਅੰਦਰ ਜਗਦੀ ਰਹੀ। ਇਸ ਉਪਰੰਤ ਇਸ ਜੋਤਿ ਨੂੰ ਮਨੁੱਖੀ ਜਾਮੇ ਤੋਂ ਬਾਣੀ ਜਾਮੇ ਵਿਚ ਸਥਿਤ ਕਰ ਦਿੱਤਾ ਗਿਆ। ਉਹ ਜੋਤਿ ਹੁਣ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਜਗਮਗ ਕਰ ਰਹੀ ਹੈ। ਦਿਬ-ਦ੍ਰਿਸ਼ਟੀ ਵਾਲੇ ਨੈਣ ਉਸ ਜੋਤਿ ਨੂੰ ਮਨੁੱਖੀ (ਸਰੀਰ) ਜਾਮੇ ਵਿਚ ਪਹਿਚਾਨਦੇ ਸਨ ਤੇ ਹੁਣ ਭੀ ਜਿਨ੍ਹਾਂ ਨੂੰ ਮਾਲਕ ਨੇ ਉਹ ਨੈਣ ਬਖਸ਼ੇ ਹਨ, ਉਹ ਉਸ ਜੋਤਿ ਦੇ ਦਰਸ਼ਨ ਸਤਿਗੁਰਾਂ ਦੀ ਪਾਵਨ ਬਾਣੀ ਵਿਚ ਕਰਦੇ ਹਨ। ਨਾਨਕ ਪੀਰ ਨੇ ਤਾਂ ਕੇਵਲ ਜਾਮਾ ਹੀ ਬਦਲ ਲਿਆ ਹੈ। ਸਥੂਲ਼ ਜਾਮਾ ਛਡ ਕੇ ਸੂਖਮ ਜਾਮਾ ਧਾਰਨ ਕਰ ਲਿਆ ਹੈ, ਦੇਹਧਾਰੀ ਗੁਰੂ ਦਾ ਸਰੂਪ ਬਦਲ ਕੇ ਸ਼ਬਦ ਗੁਰੂ ਦਾ ਸਰੂਪ ਧਾਰ ਲਿਆ। ਪਰੰਤੂ ਇਸਲਾਮੀ ਪੀਰ ਨੂੰ ਜਾਮਾ ਬਦਲਣਾ ਹੀ ਨਹੀਂ ਆਇਆ।



www.AKJ.Org

ਉਹ ਸਥੂਲ ਜਾਮੇ ਵਿਚ ਜੀਵਿਆ। ਸਥੂਲ ਜਾਮੇ ਵਿਚ ਅਜੇ ਭੀ ਉਸ ਦੀ ਕਬਰ ਤੇ ਮੇਲੇ ਲਗਦੇ ਹਨ। ਪਰ ਸਿਖ ਇਤਿਹਾਸ ਵਿਚ ਸਤਿਗੁਰਾਂ ਦੇ ਸੂਖਮ ਦਰਸ਼ਨਾਂ ਬਾਰੇ ਮਿਲਦਾ ਹੈ :—

ਬਾਬਾ ਮੜ੍ਹੀ ਨਾ ਗੋਰ, ਗੁਰੂ ਅੰਗਦ ਕੇ ਹੀਐ ਮਾਹਿ ॥

ਪਿਛੇ ਜ਼ਿਕਰ ਕੀਤਾ ਗਿਆ ਸੀ ਕਿ ਸਤਿਗੁਰੂ ਨਾਨਕ ਪੀਰ ਨੂੰ ਧੁਰ ਤੋਂ ਪ੍ਰਭੂ-ਸੱਤਾ ਤੇ ਸੱਚ ਦੇ ਗਿਆਨ-ਚਾਨਣੇ ਦੇ ਸੰਬੰਧ ਵਿਚ ਹਰ ਤਰ੍ਹਾਂ ਦੀ ਧਾਰਮਕ ਤੇ ਸਮਾਜਿਕ ਖੁਲ੍ਹ ਜਾਂ ਸੁਤੰਤਰਤਾ ਪ੍ਰਾਪਤ ਹੋਈ ਹੋਈ ਸੀ। ਆਮ ਹਿੰਦੂ ਸੰਤ-ਮਹਾਤਮਾ ਭਾਰਤੀ ਪਰੰਪਰਾ ਅਨੁਸਾਰ ਸਹਿਨਸ਼ੀਲ ਹੁੰਦੇ ਹਨ। ਉਹ ਦੂਜੇ ਮਹਾਤਮਾ ਦੇ ਵਿਚਾਰ ਸੁਣਦੇ ਹਨ, ਪਰ ਬੜੇ ਧੀਰਜ ਨਾਲ ਉਸ ਪ੍ਰਤੀ ਹਰ ਪ੍ਰਕਾਰ ਦੀ ਸਹਿਨਸ਼ੀਲਤਾ ਦਾ ਪ੍ਰਗਟਾਵਾ ਕਰਦੇ ਹਨ। ਸਤਿਗੁਰੂ ਨਾਨਕ ਦੇਵ ਜੀ ਦੇ ਦਸੋਂ ਜਾਮਿਆਂ ਪ੍ਰਤੀ ਹਿੰਦੂ ਧਾਰਮਕ ਪੁਰਸ਼ਾਂ ਦਾ ਇਹੋ ਰਵੱਈਆ ਰਿਹਾ ਹੈ। ਵਿਰੋਧ ਕੇਵਲ ਬ੍ਰਾਹਮਣ ਦੇ ਪੱਧਰ ਤੋਂ ਸ਼ੁਰੂ ਹੋਇਆ ਹੈ, ਕਿਉਂਕਿ ਮਹਾਰਾਜ ਦੇ ਪਰਚਾਰ ਨਾਲ ਉਸ ਦੇ ਆਰਥਕ ਤੇ ਸਮਾਜਕ ਢਾਂਚੇ ਨੂੰ ਸੱਟ ਵਜਦੀ ਸੀ। ਉਸ ਨੇ ਹੀ ਲੋਕਾਂ ਵਿਚ ਮਹਾਰਾਜ ਜੀ ਦੇ ਉਲਟ ਕਿਹਾ ਤੇ ਵਿਰੋਧ ਕੀਤਾ।

ਪਰ ਸਤਿਗੁਰਾਂ ਦਾ ਇਸਲਾਮੀ ਫ਼ਕੀਰਾਂ ਨੇ ਬੜਾ ਸਤਿਕਾਰ ਕੀਤਾ। ਇਸਲਾਮੀ ਰਾਜ-ਸੱਤਾ ਦੇ ਪੁਚਕਾਰੇ ਹੋਏ ਮੁਲਤਾਨ ਦੇ ਪੀਰ ਬੜੇ ਪ੍ਰਸਿੱਧ ਹੁੰਦੇ ਸਨ। ਉਹਨਾਂ ਨੇ ਭੀ ਸਤਿਗੁਰਾਂ ਨੂੰ ਮਾਨਤਾ ਦੇ ਕੇ ਤਸਲੀਮ ਕੀਤਾ, ਇਉਂ ਆਪ ਦੀ ਮੁਸਲਮਾਨ ਜਨਤਾ ਵਿਚ ਭੀ ਧਾਂਕ ਬੈਠੀ ਹੋਈ ਸੀ। ਭਾਈ ਗੁਰਦਾਸ ਜੀ ਨੇ ਅਲੰਕਾਰਕ ਸੰਕੇਤ ਵਰਤ ਕੇ ਇਹ ਗੱਲ ਸਪੱਸ਼ਟ ਕੀਤੀ ਹੈ :—

ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰ ਲੈ ਆਈ ॥
ਬਾਬੇ ਕਢ ਕਰਿ ਬਗਲ ਤੇ ਚੰਬੇਲੀ ਦੁਧ ਵਿਚਿ ਮਿਲਾਈ ॥
ਜਿਉਂ ਸਾਗਰ ਵਿਚਿ ਗੰਗ ਸਮਾਈ ॥ [ਵਾਰ ੧-੪੪

ਇਸਲਾਮੀ ਧਾਰਮਕ ਆਗੂਆਂ ਤੋਂ ਉਪਰ ਇਸਲਾਮ ਸੱਤਾਧਾਰੀ ਬਾਦਸ਼ਾਹ ਸਨ। ਬਾਬਰ ਤੋਂ ਪਹਿਲਾਂ ਸਿਕੰਦਰ ਲੋਧੀ ਜਾਂ ਦੌਲਤ ਖਾਂ ਲੋਧੀ ਸਤਿਗੁਰਾਂ ਜੀ ਨੂੰ ਪੀਰ ਮੰਨ ਚੁਕੇ ਸਨ। ਬਾਬਰ ਨੇ ਬੰਦੀ ਬਣਾ ਕੇ ਆਪਣੀ ਭੁਲ ਬਖਸ਼ਵਾਈ ਸੀ। ਹਮਾਯੂੰ ਨੇ ਭੁਲ ਕਰਕੇ ਗੁਰੂ ਅੰਗਦ ਦੇਵ ਜੀ ਤੇ ਹੱਥ ਉਠਾਉਣ ਦੀ ਹਰਕਤ ਕੀਤੀ ਸੀ, ਪਰ ਸਿਰ ਨਿਵਾਉਣਾ ਪਿਆ। ਪਰ ਉਸ ਦੇ ਪੁੱਤਰ ਅਕਬਰ ਵਿਚ ਧਰਮੀ ਪੁਰਸ਼ਾਂ ਲਈ ਜੋ ਸਤਿਕਾਰ ਬਣਿਆ ਹੋਇਆ ਸੀ, ਉਸ ਨੇ ਨਾਨਕ ਪੀਰ ਦਾ ਪੁੱਜ ਕੇ ਸਤਿਕਾਰ ਕੀਤਾ। ਤੀਜੇ ਜਾਮੇ ਵਿਚ ਨਾਨਕ ਪੀਰ ਦੇ ਚਰਨ ਪਰਸੇ, ਸ਼ਹਿਨਸ਼ਾਹੇ-ਹਿੰਦ ਹੁੰਦੇ ਹੋਏ ਭੀ ਦਰਬਾਰੀਆਂ ਸਮੇਤ ਗੁਰੂ ਕੀ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਣਾ ਦਸਦਾ ਹੈ ਕਿ ਉਸ ਦੇ ਮਨ ਅੰਦਰ ਨਾਨਕ ਪੀਰ ਲਈ ਕਿਤਨਾ ਸਤਿਕਾਰ ਸੀ। ਭਾਰਤ ਦੇ ਸ਼ਕਤੀਸ਼ਾਲੀ ਸਮਰਾਟ ਦੇ ਇਸ ਤਰ੍ਹਾਂ ਦੇ ਸਤਿਕਾਰ ਨੇ ਨਾਨਕ ਪੀਰ ਦੀ ਪ੍ਰਭੂ-ਸੱਤਾ ਦਾ ਘੇਰਾ ਅਗੇ ਨਾਲੋਂ ਹੋਰ ਭੀ ਵਿਸ਼ਾਲ ਬਣਾ ਦਿੱਤਾ। ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਨਾਨਕ ਪੰਥ ਦੇ ਪਰਚਾਰ-ਪ੍ਰਸ਼ਾਰ ਲਈ ਜੋ ਉਸਾਰੂ ਕਾਰਜ ਕੀਤੇ, ਉਨ੍ਹਾਂ ਨੂੰ ਰਾਜ ਵਲੋਂ ਪੂਰਨ ਸਹਿਯੋਗ ਮਿਲਣ ਦੇ ਸੰਕੇਤ ਮਿਲਦੇ ਹਨ।

ਭਾਵੇਂ ਸ਼ੇਖ ਅਹਿਮਦ ਮਜੱਦਦ, ਜੋ ਸਰਹੰਦ ਦੀ ਨਕਸ਼ਬੰਦੀ ਲਹਿਰ ਦਾ ਮੁਖੀ ਸੀ ਤੇ ਇਸਲਾਮ ਦੇ ਪੁਨਰ-ਉਥਾਨ ਲਈ ਸੋਲ੍ਹਵੀਂ-ਸਤਾਰ੍ਹਵੀਂ ਸ਼ਤਾਬਦੀ ਵਿਚ ਸਰਗਰਮ ਪੀਰ ਸੀ, ਨੇ ਨਾਨਕ ਪੀਰ ਨੂੰ ਰਾਜ ਵਲੋਂ ਸਹਾਇਤਾ ਮਿਲਣ (State patronage) ਦਾ ਬੜਾ ਵਿਰੋਧ ਕੀਤਾ ਤੇ ਆਮ ਮੁਸਲਮਾਨੀ ਜਨਤਾ ਵਿਚ ਨਾਨਕ ਪੰਥ ਤੇ ਗੁਰੂ ਅਰਜਨ ਦੇਵ ਜੀ ਵਿਰੁਧ ਖੁਲ੍ਹਮ-ਖੁਲ੍ਹਾ ਪਰਚਾਰ



www.AKJ.Org

ਕੀਤਾ, ਪਰ ਬਾਵਜੂਦ ਇਸ ਵਿਰੋਧ ਦੇ ਸ਼ਹਿਨਸ਼ਾਹ ਅਕਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਰੱਬੀ ਕਲਾਮ ਨੂੰ ਆਪਣੇ ਰਾਜ-ਦਰਬਾਰ ਵਿਚ ਸੁਣਦਾ ਹੈ ਤੇ ਇਨ੍ਹਾਂ ਦੇ ਵਿਰੋਧ ਨੂੰ ਠਲ੍ਹ ਪਾਉਂਦਾ ਹੈ। ਜਿੰਨਾ ਚਿਰ ਅਕਬਰ ਜੀਵਿਆ, ਰਾਜ ਵਲੋਂ ਨਾਨਕ ਪੀਰ ਦੇ ਪਰਚਾਰ-ਪ੍ਰਸਾਰ ਤੇ ਕੋਈ ਰੋਕ ਨਹੀਂ ਪਾਈ ਗਈ। ਇਕ ਤਰ੍ਹਾਂ ਨਾਲ ਇਸਲਾਮੀ ਰਾਜ ਨੇ ਨਾਨਕ ਪੀਰ ਦੀ ਧਰਮ-ਖੇਤਰ ਵਿਚ ਪ੍ਰਭੂ-ਸੱਤਾ ਨੂੰ ਮਾਨਤਾ ਦਿਤੀ ਹੋਈ ਸੀ।

ਇਵੇਂ ਕਿਵੇਂ ਅਕਬਰ ਦੇ ਉਚੇਚੇ ਆਦੇਸ਼ਾਂ ਅਨੁਸਾਰ ਤੀਜੇ ਨਾਨਕ ਪੀਰ, ਸ੍ਰੀ ਗੁਰੂ ਅਮਰਦਾਸ ਜੀ ਦੇ ਪਰਚਾਰ-ਦੌਰੇ ਸਮੇਂ ਹਰ ਪ੍ਰਕਾਰ ਦਾ ਤੀਰਥ ਟੈਕਸ ਮਾਫ਼ ਕੀਤਾ ਗਿਆ ਸੀ। ਚੇਤੇ ਰਹੇ ਕਿ ਇਸਲਾਮੀ ਰਾਜ ਨੇ ਹਿੰਦੂਆਂ ਦੇ ਕਿਸੇ ਸੰਪ੍ਰਦਾਏ ਦੇ ਸਾਧੂ ਮਹਾਤਮਾ ਦੀ ਪ੍ਰਭੂ-ਸੱਤਾ ਨੂੰ ਸਵੀਕਾਰ ਨਹੀਂ ਕੀਤਾ। ਹਰ ਹਿੰਦੂ ਨੂੰ ਇਸਲਾਮੀ ਸ਼ਰ੍ਹਾ ਅਨੁਸਾਰ ਹਿੰਦੂ ਬਣੇ ਰਹਿਣ ਲਈ ਟੈਕਸ ਦੇਣਾ ਪੈਂਦਾ, ਜਿਸ ਨੂੰ ਜਜ਼ੀਆ ਕਹਿੰਦੇ ਸਨ। ਤੇ ਦੂਜਾ ਟੈਕਸ ਉਸ ਨੂੰ ਆਪਣੇ ਤੀਰਥਾਂ ਦੀ ਯਾਤਰਾ ਕਰਨ ਲਈ ਦੇਣਾ ਪੈਂਦਾ ਸੀ, ਜਿਸ ਨੂੰ ਤੀਰਥ-ਟੈਕਸ ਕਿਹਾ ਜਾਂ ਸਕਦਾ ਹੈ। ਪਰ ਤੀਸਰੇ ਨਾਨਕ ਪੀਰ ਦੇ ਸਮੇਂ ਪਰਚਾਰ-ਦੌਰੇ ਦੌਰਾਨ ਸਤਿਗੁਰਾਂ ਨੇ ਕੁਝ ਤੀਰਥਾਂ ਤੇ ਪਰਚਾਰ ਕੀਤਾ। ਜਿਤਨੇ ਸਤਿਸੰਗੀ ਉਹਨਾਂ ਦੇ ਆਪਣੇ ਸਿੱਖ ਸੇਵਕ ਜਾਂ ਹਿੰਦੂ ਸੰਪ੍ਰਦਾਵਾਂ ਵਿਚੋਂ ਉਹਨਾਂ ਨਾਲ ਇਹਨਾਂ ਤੀਰਥਾਂ ਤੇ ਗਏ, ਕਿਸੇ ਪਾਸੋਂ ਕੋਈ ਟੈਕਸ ਨਹੀਂ ਵਸੂਲਿਆ ਗਿਆ। ਗੁਰੂ ਰਾਮਦਾਸ ਜੀ ਨੇ, ਜੋ ਉਸ ਸਮੇਂ ਗੁਰੂ ਅਮਰਦਾਸ ਜੀ ਦੇ ਇਸ ਪਰਚਾਰ-ਦੌਰੇ ਸਮੇਂ ਮੁਖੀ ਸਨ, ਨੇ ਆਪਣੀ ਬਾਣੀ ਵਿਚ ਇਸ ਦੀ ਗਵਾਹੀ ਦਿੱਤੀ :—

ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ, ਕਿਨੈ ਆਢੁ ਨ ਦਾਮੁ ਲਇਆ ॥
ਆਢੁ ਦਾਮੁ ਕਿਛੁ ਪਇਆ ਨ ਬੋਲਕ, ਜਾਗਾਤੀਆਂ ਮੋਹਣ ਮੁੰਦਣਿ ਪਈ ॥
ਭਈ ਹਮ ਕਰਹ ਕਿਆ, ਕਿਸੁ ਪਾਸਿ ਮਾਂਗਹ, ਸਭ ਭਾਗਿ ਸਤਿਗੁਰ ਪਿਛੈ ਪਈ ॥੫॥

[ਤੁਖਾਰੀ ਮ: ੪, ਪੰਨਾ ੧੧੧੬-੧੭

ਸ੍ਰੀ ਗੁਰੂ ਨਾਨਕ ਸਾਹਿਬ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ 'ਪੰਜ ਪਿਆਲੇ ਪੰਜ ਪੀਰ' ਨਾਨਕ ਜੋਤਿ ਦਾ ਪ੍ਰਕਾਸ਼ ਪਸਾਰਦੇ ਰਹੇ। ਅਕਬਰ ਦਾ ੧੬੦੬ ਈਸਵੀ ਵਿਚ ਦੇਹਾਂਤ ਹੋ ਗਿਆ। ਉਸ ਦੇ ਪਿਛੋਂ ਉਸ ਦਾ ਪੁੱਤਰ ਜਹਾਂਗੀਰ ਤਖਤ ਤੇ ਬੈਠਾ। ਇਤਿਹਾਸਕਾਰਾਂ ਦੀ ਨਵੀਨ ਖੋਜ ਦੇ ਅਧਾਰ ਤੇ ਇਹ ਗੱਲ ਸਪੱਸ਼ਟ ਹੋਈ ਹੈ ਕਿ ਜਹਾਂਗੀਰ ਨੂੰ ਰਾਜ-ਗੱਦੀ ਤੇ ਬਿਠਾਣ ਵਿਚ 'ਨਕਸ਼-ਬੰਦੀ' ਵਰਗੇ ਕੱਟੜ ਮੁਸਲਮਾਨੀ ਧੜੇ ਦਾ ਹੱਥ ਸੀ। ਸ਼ੇਖ ਅਹਿਮਦ ਸਰਹੰਦੀ ਉਸ ਸਮੇਂ ਇਸਲਾਮੀ ਪਰਚਾਰ ਦਾ ਕਾਫ਼ੀ ਸਰਗਰਮ ਮੋਢੀ ਮੰਨਿਆ ਜਾਂਦਾ ਸੀ। ਉਸ ਨੇ ਇਹ ਪਰਚਾਰ ਸ਼ੁਰੂ ਕਰ ਰਖਿਆ ਸੀ ਕਿ ਇਸਲਾਮੀ ਰਾਜ ਵਲੋਂ ਗੁਰੂ ਅਰਜਨ ਦੇਵ ਜੀ ਨੂੰ ਸਿੱਖੀ ਪਰਚਾਰ ਕਰਨ ਦੀ ਖੁਲ੍ਹ ਦਿੱਤੀ ਹੋਈ ਹੈ ਤੇ ਉਹਨਾਂ ਦੇ ਪਰਚਾਰ ਸਦਕਾ ਅਨੇਕਾਂ ਮੁਸਲਮਾਨ ਧੜਾ-ਧੜਾ ਨਾਨਕ ਪੰਥ ਵਿਚ ਸ਼ਾਮਲ ਹੋ ਰਹੇ ਹਨ। ਇਸ ਲਈ ਇਸਲਾਮੀ ਰਾਜ ਦੇ ਹੁੰਦਿਆਂ ਇਸਲਾਮ ਨੂੰ ਭਾਰੀ ਖ਼ਤਰਾ ਹੈ। ਅਕਬਰ ਨੇ ਇਸ ਕਿਸਮ ਦੇ ਸ਼ੋਸ਼ਿਆਂ ਨੂੰ ਕਦੀ ਵੀ ਮਹੱਤਤਾ ਨਹੀਂ ਸੀ ਦਿਤੀ, ਪਰ ਰਾਜ-ਦਰਬਾਰ ਦੇ ਇਕ ਕੱਟੜ ਧੜੇ ਦਾ ਅੰਦਰੋਂਗਤੀ ਇਹ ਪ੍ਰੋਗਰਾਮ ਸੀ ਕਿ ਇਸ ਕਿਸਮ ਦੇ ਪਰਚਾਰ ਨੂੰ ਠਲ੍ਹ ਪਾਉਣੀ ਹੀ ਇਸਲਾਮ ਦੀ ਸੱਚੀ ਸੁੱਚੀ ਸੇਵਾ ਹੈ। ਇਸ ਲਈ ਉਹ ਮੌਕੇ ਦੀ ਭਾਲ ਵਿਚ ਜ਼ਰੂਰ ਸਨ। ਅਕਬਰ ਦੇ ਦੇਹਾਂਤ ਨਾਲ ਜਹਾਂਗੀਰ ਨੂੰ ਇਸ ਕੱਟੜ ਧੜੇ ਨੇ ਆਪਣੇ ਹੱਥਾਂ ਤੇ ਪਾ ਲਿਆ ਤੇ ਉਸ ਨੇ ਰਾਜ ਦੇ



www.AKJ.Org

ਪਹਿਲੇ ਦਿਨਾਂ ਵਿਚ ਉਸ ਧੜੇ ਨੂੰ ਖ਼ੁਸ਼ ਕਰਨ ਲਈ ਪੰਜਵੇਂ ਨਾਨਕ ਪੀਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਿਨਾਂ ਕਿਸੇ ਕਿਸਮ ਦੀ ਸੁਣਵਾਈ ਦੇ ਸ਼ਹੀਦ ਕਰਨ ਦੇ ਹੁਕਮ ਦੇ ਦਿਤੇ । ਤੁਜ਼ਕੇ-ਜਹਾਂਗੀਰੀ ਵਿਚ ਉਨ੍ਹਾਂ ਇਸ ਨੂੰ ਬੜੇ ਸਪੱਸ਼ਟ ਸ਼ਬਦਾਂ ਵਿਚ ਪਰਵਾਨ ਕੀਤਾ ਹੈ। ਇਹ ਸਭ ਰਾਜ-ਗੱਦੀ ਤੇ ਬੈਠਣ ਦਾ ਉਹ ਮੁਲ ਉਤਾਰ ਰਿਹਾ ਸੀ। ਡਾ: ਗੰਡਾ ਸਿੰਘ ਪ੍ਰਸਿਧ ਸਿੱਖ ਇਤਿਹਾਸਕਾਰ ਦਾ ਭੀ ਇਹੋ ਮੱਤ ਹੈ ਕਿ ਪੰਜਵੇਂ ਨਾਨਕ ਪੀਰ ਦੀ ਸ਼ਹੀਦੀ ਇਕ ਸਿਆਸੀ ਸਾਜ਼ਸ਼ ਸੀ।

ਬਾਬਰ ਤੋਂ ਅਕਬਰ ਤਕ ਮੁਗਲ ਸਾਮਰਾਜ ਨਾਲ ਨਾਨਕ ਪੀਰ ਅਧਿਆਤਮਕ ਪੱਧਰ ਤੇ ਵਰਤਦੇ ਰਹੇ ਸਨ। ਇਸਲਾਮ ਕਟੜ-ਪੰਥੀ ਸਤਿਗੁਰਾਂ ਨੂੰ ਖ਼ਾਕੀ ਜਾਮੇ ਵਿਚ ਦੂਜੇ ਧਰਮ ਦੇ ਆਗੂ ਮੰਨਦੇ ਰਹੇ। ਜਿਨ੍ਹਾਂ ਰਾਜਿਆਂ ਨੂੰ ਸਤਿਗੁਰਾਂ ਦੀ ਨੂਰੀ ਝਲਕ ਦਾ ਝਲਕਾਰਾ ਵਜਾ ਸੀ ਉਨ੍ਹਾਂ ਨੇ ਤਨ ਮਨ ਧਨ ਅੱਗੇ ਭੇਟ ਕਰ ਦਿਤਾ ਸੀ। ਵਿਰੋਧ ਤਾਂ ਕੀ ਕਰਨਾ ਸੀ। ਜਹਾਂਗੀਰ ਨੂੰ ਭੀ ਜਦੋਂ ਛੇਵੇਂ ਜਾਮੇ ਵਿਚ ਨੂਰੀ ਝਲਕਾਰਾ ਵਜਾ, ਉਸ ਨੇ ਸਾਰੀ ਉਹ ਕਾਰਵਾਈ ਰੋਕ ਦਿੱਤੀ ਸੀ ਜੋ ਨਾਨਕ ਪੰਥ ਦੇ ਧਰਮ-ਪਰਚਾਰ ਵਿਚ ਵਿਘਨਕਾਰੀ ਹੋਵੇ। "ਛਟਮ ਪੀਰ ਬੈਠਾ ਗੁਰ ਭਾਰੀ" ਛਟਮ ਪੀਰ ਨੇ ਜਹਾਂਗੀਰ ਦੇ ਨਾਲ ਸ਼ਿਕਾਰ ਭੀ ਖੇਡਿਆ, ਉਸ ਦੇ ਰਾਜ ਕਾਲ ਵਿਚ ਬੇਰੋਕ-ਟੋਕ ਫ਼ੌਜਾਂ ਭੀ ਭਰਤੀ ਕੀਤੀਆਂ, ਕਿਲ੍ਹਾ ਵੀ ਬਣਵਾਇਆ, ਸ੍ਰੀ ਅਕਾਲ ਤਖ਼ਤ ਵੀ ਉਸਾਰਿਆ ਤੇ ਉਸ ਪਰ ਬੈਠ ਕੇ ਪੰਚਾਇਤੀ ਫ਼ੈਸਲੇ ਭੀ ਕੀਤੇ। ਇਹ ਸਾਰਾ ਕੁਝ ਜਹਾਂਗੀਰ ਨੇ ਕਿਉਂ ਪਰਵਾਨ ਕੀਤਾ? ਇਸ ਬਾਰੇ ਇਤਿਹਾਸਕਾਰ ਚੁਪ ਹਨ। ਪਰ ਸਿਧ ਹੁੰਦਾ ਹੈ ਕਿ ਜਹਾਂਗੀਰ ਨੇ ਭੀ ਛਟਮ ਪੀਰ ਦੀ ਪ੍ਰਭੂ-ਸੱਤਾ ਨੂੰ ਪਰਵਾਨ ਕੀਤਾ ਸੀ।

ਪੰਜਵੇਂ ਸਤਿਗੁਰਾਂ ਦੀ ਸ਼ਹੀਦੀ ਗੁਰ-ਪੀਰੀ ਦੇ ਇਤਿਹਾਸ ਵਿਚ ਪਹਿਲਾ ਸਾਕਾ ਹੈ, ਜਿਸ ਦੇ ਕਾਰਨ ਧਾਰਮਕ ਨਹੀਂ, ਸਗੋਂ ਸਿਆਸੀ ਸਨ। ਵਿਚਲੀ ਗੱਲ ਇਹ ਹੈ ਕਿ ਕੀ ਕਿਸੇ ਗ਼ੈਰ-ਮੁਸਲਮ ਪੀਰ ਨੂੰ ਇਸਲਾਮਕ ਰਾਜ ਵਿਚ ਧਰਮ-ਪਰਚਾਰ ਦੀ ਖੁਲ੍ਹ ਦੇਣੀ ਰਾਜ ਦੇ ਹਿਤ ਵਿਚ ਹੈ? 'ਨਾਨਕ' ਪੰਥ ਇਸ ਵੇਲੇ ਤਕ ਕਾਫ਼ੀ ਵਧ ਚੁਕਾ ਸੀ। ਨਾਨਕ ਪੀਰ ਹੁਣ ਲੋਕ-ਪ੍ਰਿਅ ਆਗੂ ਮੰਨੇ ਜਾਂਦੇ ਸਨ। ਕੀ ਉਨ੍ਹਾਂ ਦੀ ਪ੍ਰਭੂ-ਸੱਤਾ ਅਸੀਮਤ ਬਣੀ ਰਹਿਣ ਦੇਣੀ ਰਾਜ ਲਈ ਹਾਨੀਕਾਰਕ ਨਹੀਂ ਹੋਵੇਗੀ? ਇਹੋ ਜਿਹੇ ਕੁਝ ਸਵਾਲ ਸਨ ਜਿਸ ਨੇ ਨਾਨਕ ਪੀਰ ਤੇ ਮੁਗਲ ਮੀਰਾਂ ਵਿਚਕਾਰ ਟਕਰਾਉ ਦੀ ਸਥਿਤੀ ਪੈਦਾ ਕਰ ਦਿਤੀ ਸੀ। ਮੀਰ ਦੀ ਦ੍ਰਿਸ਼ਟੀ ਕੇਵਲ ਸਰੀਰਕ ਪੱਧਰ ਜਾਂ ਰਾਜ-ਪੱਧਰ ਤਕ ਸੀਮਤ ਸੀ। ਪੀਰ ਦੀ ਦ੍ਰਿਸ਼ਟੀ ਅਗਾਧ ਬੋਧ ਦੇ ਮੰਡਲਾਂ ਤੀਕ ਪੁਜ ਕੇ 'ਭਾਣੇ' ਦੇ ਦਰਸ਼ਨ ਕਰ ਰਹੀ ਸੀ। ਭਾਰਤ ਵਿਚ ਮੁਸਲਮਾਨੀ ਹਾਕਮਾਂ ਦੇ, ਚਾਹੇ ਉਹ ਪਠਾਣ ਸਨ ਚਾਹੇ ਮੁਗਲ ਰਾਜ ਦੇ ਨੀਤੀ ਨਿਰਦੇਸ਼ਕ, ਸਿਧਾਂਤ ਇਹੋ ਰਹੇ ਹਨ ਕਿ ਇਸਲਾਮੀ ਰਾਜ ਵਿਚ ਕਿਸੇ ਭੀ ਦੂਜੇ ਧਰਮ ਨੂੰ ਵਧਣ ਫੁਲਣ ਨਹੀਂ ਦੇਣਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਸੰਕੇਤ ਮਿਲਦੇ ਹਨ ਕਿ ਹਿੰਦੂ ਭਗਤਾਂ ਨੂੰ ਮੁਸਲਮਾਨ ਸ਼ਾਸਕਾਂ ਨੇ ਤੰਗ ਕੀਤਾ, ਪਰ ਸਰਬ-ਵਿਆਪੀ ਜੋਤਿ ਨੇ ਉਨ੍ਹਾਂ ਦੀ ਸਦਾ ਪੈਜ ਰਖੀ, ਕਬੀਰ ਜੀ ਨੂੰ ਜ਼ੰਜੀਰਾਂ ਨਾਲ ਬੰਨ੍ਹ ਕੇ ਗੰਗਾ ਵਿਚ ਸੁਟ ਦਿਤਾ ਸੀ, ਪਰ ਉਹ ਕਹਿੰਦੇ ਹਨ–

ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥ [ਭੈਰਉ ਕਬੀਰ ਜੀ, ਪੰਨਾ ੧੧੬੨

ਇਸੇ ਤਰ੍ਹਾਂ ਭਗਤ ਨਾਮਦੇਵ ਜੀ ਭੀ ਦਸਦੇ ਹਨ :–

ਨਾਮਾ ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥੧॥ਰਹਾਉ॥
ਬਿਸਮਿਲਿ ਗਊ ਦੇਹੁ ਜੀਵਾਇ ॥ ਨਾਤਰੁ ਗਰਦਨਿ ਮਾਰਉ ਠਾਂਇ ॥੨॥੧੦॥

[ਭੈਰਉ ਨਾਮਦੇਉ ਜੀ, ਪੰਨਾ ੧੧੬੫



www.AKJ.Org

ਭਾਰਤੀ ਇਤਿਹਾਸ ਦੇ ਸਮੁੱਚੇ ਮੁਸਲਿਮ ਕਾਲ ਵਿਖੇ ਕਿਸੇ ਭੀ ਹਿੰਦੂ ਸੰਤ ਮਹਾਤਮਾ ਦੀ ਸੁਤੰਤਰ ਪ੍ਰਭੂ-ਸੱਤਾ ਨੂੰ ਮੁਸਲਮਾਨ ਹਾਕਮਾਂ ਨੇ ਕਦੀ ਸਵੀਕਾਰ ਨਹੀਂ ਕੀਤਾ, ਪਰ ਨਾਨਕ ਪੀਰ ਨਾਲ ਇਹ ਖ਼ਾਸ ਰਿਆਇਤ ਸੀ ਕਿ ਮੁਗ਼ਲ ਸ਼ਾਸਕਾਂ ਨੇ ਸਗੋਂ ਇਸ ਘਰਾਣੇ ਨੂੰ ਹਰ ਤਰ੍ਹਾਂ ਦਾ ਸਤਿਕਾਰ ਦਿਤਾ। ਅਕਬਰ ਨੇ ਅੰਮ੍ਰਿਤਸਰ ਨਗਰ ਦੀ ਜ਼ਮੀਨ ਸ੍ਰੀ ਗੁਰੂ ਅਮਰਦਾਸ ਨੂੰ ਭੇਟਾ ਕੀਤੀ ਸੀ। ਸਰਕਾਰ ਵਲੋਂ ਕੋਈ ਰੋਕ ਨਾ ਲਗਾਉਣੀ, ਨਾਨਕ ਪੀਰ ਵਲੋਂ ਉਸਾਰੇ ਗਏ ਹਰਿਮੰਦਰ ਜਾਂ ਹੋਰ ਇਤਿਹਾਸਕ ਅਸਥਾਨਾਂ ਨੂੰ ਅਖੰਡ ਕਾਇਮ ਰਹਿਣ ਦੇਣਾ; ਇਸਲਾਮੀ ਰਾਜ ਵਲੋਂ ਗੁਰੂ ਨਾਨਕ ਪੀਰ ਦੇ ਘਰਾਣੇ ਨਾਲ ਚੰਗੇ ਸਲੂਕ ਦਾ ਸੂਚਕ ਹੈ। ਭਾਵੇਂ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਜੀ ਨੂੰ ਸਮੇਂ ਦੇ ਮੁਗ਼ਲ ਹੁਕਮਰਾਨਾਂ ਨੇ ਸ਼ਹੀਦ ਕੀਤਾ, ਪਰ ਉਨ੍ਹਾਂ ਤੋਂ ਬਾਅਦ ਨਾਨਕ ਪੀਰ ਦੀ ਗੱਦੀ ਤੇ ਬੈਠਣ ਵਾਲੇ ਸਤਿਗੁਰਾਂ ਵਲੋਂ ਕ੍ਰਾਂਤੀ ਲਹਿਰ ਨੂੰ ਨਹੀਂ ਰੋਕਿਆ ਗਿਆ। ਉਨ੍ਹਾਂ ਦੇ ਧਰਮ-ਅਸਥਾਨ ਨੂੰ ਭੀ ਹਿੰਦੂ ਮੰਦਰਾਂ ਵਾਂਗ ਢਾਹਿਆ ਨਹੀਂ ਗਿਆ, ਜਾਂ ਉਨ੍ਹਾਂ ਦੀ ਅਗੋਂ ਉਸਾਰੀ ਵਿਚ ਕਿਸੇ ਕਿਸਮ ਦਾ ਵਿਘਨ ਨਾ ਪਾਇਆ ਗਿਆ। ਦੋਵੇਂ ਸ਼ਹੀਦੀਆਂ ਇਸਲਾਮੀ ਕਟੜ ਧੜਿਆਂ ਦੀ ਮੁਤਅਸਬੀ ਵਿਚਾਰਧਾਰਾ ਦੇ ਕਾਰਨ ਹੋਈਆਂ। ਨਾਨਕ ਪੀਰ ਨੂੰ ਈਰਖਾ ਕਾਰਨ ਖ਼ਤਮ ਕਰਨ ਦਾ ਯਤਨ ਕੀਤਾ ਗਿਆ, ਪਰ ਨਾਨਕ ਪੀਰ ਨੂੰ ਮਾਰਿਆ ਨਹੀਂ ਜਾ ਸਕਿਆ। ਮੁਸਲਮਾਨ ਕੱਟੜ ਪੰਥੀਆਂ ਦਾ ਖ਼ਿਆਲ ਸੀ ਕਿ ਨਾਨਕ ਪੀਰ ਖ਼ਾਕੀ ਹੈ ਤੇ ਖ਼ਾਕ ਨੂੰ ਖ਼ਾਕ ਨਾਲ ਮਿਲਾ ਕੇ ਖ਼ਾਕ ਬਣਾਇਆ ਜਾ ਸਕਦਾ ਹੈ। ਪਰ ਉਨ੍ਹਾਂ ਨੂੰ ਭੁਲੇਖਾ ਸੀ। ਨਾਨਕ ਪੀਰ ਨੂਰੀ ਸੀ। ਨੂਰ ਨੂੰ ਖ਼ਾਕੀ ਬੰਦੇ ਨਸ਼ਟ ਨਹੀਂ ਕਰ ਸਕਦੇ। ਖ਼ਾਕ ਅੰਦਰ ਨੂਰ ਵਸ ਜਾਏ ਤਾਂ ਖ਼ਾਕ ਵਿਚ ਜਾਨ ਪੈ ਜਾਂਦੀ ਹੈ। ਨੂਰ ਤੋਂ ਬਿਨਾਂ ਖ਼ਾਕ, ਖ਼ਾਕ ਹੀ ਤਾਂ ਹੈ, ਇਸ ਤੋਂ ਵਧ ਕੁਝ ਨਹੀਂ। ਨਾਨਕ ਪੀਰ ਨੂੰ ਖ਼ਤਮ ਨਹੀਂ ਕੀਤਾ ਜਾ ਸਕਿਆ। ਦਸ ਖ਼ਾਕੀ ਜਾਮਿਆਂ ਵਿਚ ਨਾਨਕ ਪੀਰ ਚਾਨਣ ਮੁਨਾਰੇ ਵਾਂਗ ਘੋਰ ਇਸਲਾਮੀ ਮੁਤਅਸਬ ਦੇ ਅੰਧੇਰੇ ਵਿਚ ਅਡੋਲ ਰਿਹਾ ਹੈ ਤੇ ਹੁਣ ਭੀ ਉਹੀ ਨੂਰ ਨਾਨਕ ਪੀਰ ਦੇ ਸ਼ਬਦ ਸਰੂਪ ਵਿਚ ਜਗਮਗਾ ਰਿਹਾ ਹੈ।

(ਬਾਕੀ ਅਗਲੇ ਪਰਚੇ ਵਿਚ)

---

## ਗੁਰੂ ਨਾਨਕ ਪ੍ਰਕਾਸ਼ ਉਤਸ਼ਵ ਦਿਵਸ — ਸ: ਸਰੂਪ ਸਿੰਘ ਜੀ ਦਰਵੇਸ਼, ਖੰਨਾ

ਸਜਣੋ ! ਭਾਗਾਂ ਭਰੀ ਕਤਕ ਪੂਰਨਮਾਸ਼ੀ ਆਈ ਏ, ਖੁਸ਼ੀਆਂ ਦਾ ਭੰਡਾਰ ਲਿਆਈ ਏ। ਜਿਤ ਵਲ ਵੇਖੋ, ਗਲੀ, ਬਾਜ਼ਾਰ ਰੌਣਕਾਂ ਨੇ। ਗੁਰੂ ਘਰ ਦੇ ਸ਼ਰਧਾਲੂਆਂ ਦੇ ਚਿਹਰੇ ਖੁਸ਼ੀ ਨਾਲ ਭਰਪੂਰ, ਮਨ ਖੇੜੇ 'ਚ ਵਿਖਾਈ ਦਿੰਦੇ ਹਨ। ਇਕ ਦੂਜੇ ਨੂੰ ਵਧਾਈ ਦਿੰਦੇ ਹੋਏ, ਖੁਸ਼ੀ ਜ਼ਾਹਰ ਕਰਦੇ ਹੋਏ, ਸਤਿਨਾਮ ਦੀ ਧੁਨੀ ਵਿਚ ਮਸਤ ਹੁੰਦੇ ਹੋਏ, ਸਰਬੱਤ ਦੇ ਭਲੇ ਲਈ ਲੋਚਦੇ ਹਨ। ਧਰਮ ਅਸਥਾਨਾਂ ਵਿਖੇ, ਉਸ ਵਾਹਿਗੁਰੂ ਅਕਾਲ ਪੁਰਖ ਦਾ ਗੁਰਬਾਣੀ ਦੁਆਰਾ ਸਿਮਰਨ ਹੋ ਰਿਹਾ ਹੈ। ਅਸੀਂ ਹਰ ਸਾਲ ਗੁਰਪੁਰਬ ਵੱਡੀ ਧੂਮ ਧਾਮ ਨਾਲ ਮਨਾਉਂਦੇ ਹਾਂ। ਸਾਡਾ ਮਨਾਇਆ ਗੁਰਪੁਰਬ ਤਦ ਹੀ ਸਫਲ ਹੈ ਜੇ ਅਸੀਂ ਗੁਰੂ ਸਾਹਿਬਾਨ ਦੇ ਦਸੇ ਪੂਰਨਿਆਂ ਪੁਰ ਆਪਣੇ ਜੀਵਨ ਨੂੰ ਢਾਲੀਏ, ਲੋਕ ਸੁਖੀ ਪ੍ਰਲੋਕ ਸੁਹੇਲੇ ਦੇ ਭਾਗੀ ਬਣੀਏ। ਸਰਬੱਤ ਦਾ ਭਲਾ ਮੰਗਦੇ ਹੋਏ ਆਪਣਾ ਜੀਵਨ ਸਿਮਰਨ 'ਚ ਬਤੀਤ ਕਰੀਏ। ਜੇ ਅਸੀਂ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ" ਦੇ ਮਹਾਂਵਾਕ ਅਨੁਸਾਰ ਜੀਵ ਮਾਤਰ ਨਾਲ ਪਿਆਰ ਨਹੀਂ ਕਰਦੇ, ਸਰਬੱਤ ਦਾ ਭਲਾ ਨਹੀਂ ਮਨਾਉਂਦੇ, ਸਿਮਰਨ ਵਲ ਧਿਆਨ ਲਾ ਕੇ ਅਗੰਮੀ ਸੋਝੀ ਪ੍ਰਾਪਤ ਨਹੀਂ ਕਰਦੇ ਤਾਂ ਕੀ ਸਾਡਾ ਮਨਾਇਆ ਗੁਰਪੁਰਬ ਸਫਲ ਹੋ ਸਕਦਾ ਹੈ ? ਆਓ ਸਫਲ ਕਰਨ ਦੀ ਪੂਰੀ ਪੂਰੀ ਕੋਸ਼ਸ਼ ਕਰੀਏ।



www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ

[ਕਿਸ਼ਤ ੩੫ਵੀਂ, ਲੜੀ ਜੋੜਨ ਲਈ ਵੇਖੋ 'ਸੂਰਾ' ਸਤੰਬਰ ੧੯੮੧]

[ਵਲੋਂ–ਕੈਪਟਨ ਸਵਰਨ ਸਿੰਘ ਜੀ, ਘੜਿਆਲਾ]

## ਸ਼ਾਹ ਦਾ ਹਿੰਦੁਸਤਾਨ ਉਤੇ ਅਠਵੇਂ ਹੱਲੇ ਲਈ ਚੜ੍ਹਨਾ :–

ਹਿੰਦੁਸਤਾਨ ਦਾ ਅਥਾਹ ਧਨ ਪਦਾਰਥ (ਭਾਵੇਂ ਇਹ ਪਹਿਲਾਂ ਵੀ ਬਦੇਸ਼ੀ ਹਮਲਾਵਰਾਂ ਦੇ ਹਥੋਂ ਬੁਰੀ ਤਰ੍ਹਾਂ ਲੁਟਿਆ ਪੁਟਿਆ ਜਾ ਚੁਕਾ ਸੀ, ਪਰ ਇਸ ਦਾ ਅਜੇ ਵੀ ਕੀ ਤੋੜਾ ਸੀ) ਹਿੰਦੀਆਂ ਵਿਚ ਉਸ ਦੀ ਰਾਖੀ ਦੀ ਅਸਮਰਥਾ, ਲਾਪ੍ਰਵਾਹੀ, ਆਪਸੀ ਫੁਟ, ਅਬਦਾਲੀ ਵਰਗੇ ਕੁਝ ਕਰ ਗੁਜ਼ਰਨ ਵਾਲੇ ਲੋਟੂ ਦੇ ਕਦੀ ਵੀ ਨਾ ਰੱਜਣ ਵਾਲੇ ਮਨ ਨੂੰ ਹਮੇਸ਼ਾ ਆਪਣੇ ਵਲ ਖਿਚਦਾ ਸੀ ਤੇ ਇਹ ਲਾਲਚ ਸਦਾ ਹਿੰਦੁਸਤਾਨ ਉਤੇ ਹਮਲਿਆਂ ਦਾ ਕਾਰਨ ਬਣਦਾ ਸੀ। ਆਪਣੇ ਮੁਲਕ ਵਿਚ ਜਦ ਵੀ ਕੁਝ ਸੁਖਾਵਾਂ ਵਾਤਾਵਰਨ ਵੇਂਹਦਾ, ਝਟ ਇਕ ਤਕੜਾ ਲਸ਼ਕਰ ਲੈ ਕੇ ਠੰਢਾਂ ਉਤਰਦਿਆਂ ਸਾਰ ਪੰਜਾਬ ਵਿਚ ਆਣ ਵੜਦਾ। ਹਿੰਦੁਸਤਾਨ ਦੀ ਹਾਲਤ ਅੱਧੇ ਮਾਰੇ ਸ਼ਿਕਾਰ ਵਰਗੀ ਸੀ, ਜਿਸ ਨੂੰ ਮਾਰ ਕੇ ਕਾਬੂ ਕਰਨ ਲਗਿਆਂ ਸ਼ਿਕਾਰੀ ਨੂੰ ਕਿਸੇ ਬਾਹਲੀ ਖੇਚਲ ਦੀ ਲੋੜ ਨਹੀਂ ਹੁੰਦੀ। ਏਸੇ ਅਧ-ਮੋਏ ਸ਼ਿਕਾਰ, ਜਿਸ ਦੀ ਮੁਗਲ ਬਘੇਲਾ ਚੰਗੀ ਰਤ ਪੀ ਚੁਕਿਆ ਸੀ, ਨੂੰ ਵਿਲੀਅਮ ਫ਼ੋਰਟ ਉਤੇ ਆਪਣੀ ਮਨਹੂਸ ਬੂਥੀ ਰਖੀ ਅੰਗਰੇਜ਼ੀ ਸਾਮਰਾਜ ਦਾ ਲਗੜ ਬੱਗਾ ਵੇਖ ਵੇਖ ਕੇ ਲਾਲਾਂ ਸੁਟ ਰਿਹਾ ਸੀ, ਹੌਲੀ ਹੌਲੀ ਅੱਗੇ ਨੂੰ ਘੁਸਰਦਾ ਆਉਂਦਾ ਸੀ। ਜਦ ਦਾਅ ਲਗਦਾ, ਇਕ ਤਕੜੀ ਬੋਟੀ ਨੋਚ ਲੈਂਦਾ, ਜਿਸ ਦੀ ਸੱਜਰੀ ਮਿਸਾਲ ਇਹ ਸੀ ਕਿ ਬੰਗਾਲ ਦੇ ਮੀਰ ਕਾਸਮ ਨੂੰ ਮੁਰਸ਼ਦਾ ਬਾਦ ਦੇ ਤਖ਼ਤ ਤੋਂ ਉਤਾਰ ਦਿਤਾ ਸੀ ਤੇ ਉਸ ਦਾ ਮੁਲਕ ਕਈ ਸਾਜ਼ਸ਼ਾਂ ਰਚ ਕੇ ਸਹਿਜੇ ਹੀ ਦਬਾ ਲਿਆ ਸੀ। ਦਿੱਲੀ ਦੇ ਤਖ਼ਤ ਉਤੇ ਬੈਠਾ ਮੁਗਲ ਪਾਤਸ਼ਾਹ ਦਾ ਹੁਕਮ-ਹਾਸਲ ਦਿੱਲੀ ਦੀਆਂ ਕੰਧਾਂ ਤਕ ਹੀ ਸੀਮਤ ਸੀ। ਦਿੱਲੀ ਰਾਜ-ਪਰਬੰਧ ਦੀ ਹਾਲਤ ਉਸ ਅਧਰੰਗ ਦੇ ਰੋਗੀ ਵਰਗੀ ਸੀ ਜਿਸ ਦਾ ਧੜ ਮਾਰਿਆ ਗਿਆ ਹੋਵੇ। ਮਰਹੱਟੇ ਲੋਟੂਆਂ ਵਾਂਗ ਮੁਲਕ ਵਿਚ ਦਗੜ ਦਗੜ ਤਾਂ ਕਰਦੇ ਫਿਰਦੇ ਸਨ, ਪਰ ਅੱਗੇ ਹੋ ਕੇ ਨਾ ਤਾਂ ਦਿੱਲੀ ਉਤੇ ਪੂਰਾ ਕਬਜ਼ਾ ਜਮਾਉਂਦੇ ਸਨ ਤੇ ਨਾ ਖਹਿੜਾ ਹੀ ਛਡਦੇ ਸਨ। ਇਹ ਦਿਸ ਰਿਹਾ ਸੀ ਕਿ ਅੰਗਰੇਜ਼ੀ ਕੋਹੜ ਹਿੰਦੁਸਤਾਨ ਦੇ ਸਰੀਰ ਉਤੇ ਪਸਰਦਾ ਜਾ ਰਿਹਾ ਹੈ, ਨਾ ਇਕੱਲੇ ਹੀ ਉਨ੍ਹਾਂ ਨਾਲ ਟਕਰਾਉਂਦੇ ਸਨ ਤੇ ਨਾ ਹੀ ਰਾਜਪੂਤਾਂ ਤੇ ਜਾਟਾਂ ਨੂੰ ਨਾਲ ਮਿਲਾ ਕੇ ਉਨ੍ਹਾਂ ਦੀ ਪੇਸ਼ਕਦਮੀ ਨੂੰ ਰੋਕਣ ਦਾ ਬਾਨ੍ਹਣੂ ਹੀ ਬੰਨ੍ਹਣ ਦੀ ਸਿਆਣਪ ਕਰਕੇ ਕੋਸ਼ਿਸ਼ ਕਰਦੇ ਸਨ। ਮਰਹੱਟੇ ਦਿੱਲੀ ਉਤੇ ਕਬਜ਼ਾ ਸਿਰਫ਼ ਅਹਿਮਦ ਸ਼ਾਹ ਦੇ ਹੀ ਡਰੋਂ ਨਹੀਂ ਸਨ ਕਰਦੇ। ਪੰਜ ਕੁ ਸਾਲ ਪਹਿਲਾਂ ਪਾਨੀਪਤ ਦੇ ਮੁਕਾਮ ਤੇ ਅਹਿਮਦ ਸ਼ਾਹ ਦੇ ਹਥੋਂ ਖਾਧੀ ਕੁਟ ਦੇ ਕਾਰਨ ਦਿਲ ਟਿਕਾਣੇ ਨਹੀਂ ਸੀ ਆਇਆ। ਇਸ ਮਾਰ ਦੀਆਂ ਚੀਸਾਂ ਬੁਰੀ ਤਰ੍ਹਾਂ ਉਠਦੀਆਂ ਸਨ, ਪਿੰਡੇ ਤੋਂ ਲਾਸਾਂ ਅਜੇ ਤਕ ਮਿਟੀਆਂ ਨਹੀਂ ਸਨ। ਅਹਿਮਦ ਸ਼ਾਹ ਦਾ ਸਹਿਮ ਅਜੇ ਤਕ ਦਿਲ ਚੋਂ ਗਿਆ ਨਹੀਂ ਸੀ। ਜਾਟਾਂ ਨਾਲ ਮੱਥਾ ਲਾ ਕੇ ਆਪਣੀ ਸ਼ਕਤੀ ਅਜਾਈਂ ਗੁਆਈ ਗਏ। ਮਰਹੱਟੇ; ਜਾਟ ਤੇ ਸਿੱਖ ਇਸ ਸਮੇਂ ਇਕ ਝੰਡੇ ਥਲੇ ਇਕੱਤਰ ਹੋ ਕੇ ਮੁਗਲ ਰਾਜ ਦਾ ਪੂਰੀ ਤਰ੍ਹਾਂ ਭੋਗ ਪਾ ਸਕਦੇ ਸਨ। ਅਹਿਮਦ ਸ਼ਾਹ, ਜੋ ਸਿੱਖਾਂ ਤੋਂ ਡਰਦਾ ਪੰਜਾਬ ਵਿਚ ਦੀ ਲੰਘਣ ਨੂੰ ਮੌਤ ਬਰਾਬਰ ਸਮਝਦਾ ਸੀ, ਕਦੀ ਹਿੰਦ ਉਤੇ ਹੱਲੇ ਦੀ ਜੁਰਅਤ ਨਾ ਕਰਦਾ। ਰਹੀ ਗੱਲ ਅੰਗਰੇਜ਼ਾਂ ਦੀ, ਸੋ ਉਹ ਏਸ ਸੰਯੁਕਤ ਸ਼ਕਤੀ ਨਾਲ ਕਦੇ ਨਾ ਟਕਰਾ ਸਕਦੇ। ਸ਼ਰਤਾਂ ਲਿਖਣ ਵਾਲੀ ਕਲਮ ਤੇ ਅੰਗਰੇਜ਼ਾਂ ਦੀ ਉਭਰ ਰਹੀ



www.AKJ.Org

ਤਾਕਤ ਨੂੰ ਮੁਲਕੋਂ ਬਦਰ ਕਰ ਦੇਣ (ਬਾਹਰ ਕਢਣ) ਦੀ ਤਾਕਤ ਵੀ ਇਸ ਧੜੇ ਪਾਸ ਹੁੰਦੀ ਤਾਂ ਵੀ ਹਿੰਦੁਸਤਾਨ ਦਾ ਇਤਿਹਾਸ ਹੋਰ ਦਾ ਹੋਰ ਹੁੰਦਾ। ਪਰ ਸਮਾਂ ਆਪਣੀ ਚਾਲ ਚਲ ਗਿਆ। ਇਤਫ਼ਾਕ ਦੀ ਘਾਟ, ਫੁਟ ਦੀ ਹੋਂਦ ਤੇ ਆਪਾ-ਮਾਰੂ-ਰੁਚੀਆਂ ਦਾ ਵਧ ਰਿਹਾ ਜ਼ੋਰ ਸੀ, ਜਿਸ ਦਾ ਫ਼ਾਇਦਾ ਦੁਰਾਨੀ ਤੇ ਅੰਗਰੇਜ਼ ਸ਼ਾਤਰਾਂ ਨੇ ਚੰਗਾ ਉਠਾਇਆ। ਇਹ ਸਥਿਤੀ ਅਹਿਮਦ ਸ਼ਾਹ ਨੂੰ ਹਮਲੇ ਲਈ ਹਰ ਵਕਤ ਪ੍ਰੇਰਦੀ ਸੀ।

ਫਰਵਰੀ 1762 ਈ: ਵਿਚ ਕੁਪ ਰਹੀੜੇ ਤੋਂ ਲੈ ਕੇ ਕੁਤਬਾ ਬਾਹਮਣੀਆਂ ਦੀ ਜੂਹ ਤਕ ਜੋ ਘਲੂਘਾਰਾ ਵਾਪਰਿਆ, ਉਸ ਵਿਚ 20 ਕੁ ਹਜ਼ਾਰ ਸਿੰਘਾਂ ਦੀ ਸ਼ਹਾਦਤ ਨੇ ਇਕ ਐਸੀ ਪੱਕੀ ਬੁਨਿਆਦ ਬਣਾਈ, ਜਿਸ ਉਤੇ ਖਾਲਸਈ ਤਾਕਤ ਦੀ ਫ਼ੌਲਾਦੀ ਕੰਧ ਉਸਰੀ, ਜਿਸ ਨੂੰ ਅਬਦਾਲੀ ਨਾ ਟੱਪ ਕੇ ਲੰਘ ਸਕਦਾ ਸੀ ਤੇ ਨਾ ਜਿਸ ਨੂੰ ਪਾੜ ਹੀ ਸਕਦਾ ਸੀ। ਸਤਵੇਂ ਹੱਲੇ ਵਿਚ ਉਸ ਨੇ ਸਾਰਾ ਟਿੱਲ ਲਾ ਕੇ ਇਸ ਨੂੰ ਢਾਹਣਾ ਚਾਹਿਆ, ਪਰ ਖਾਲਸਈ ਖ਼ੂਨ ਦੀ ਹਰ ਬੂੰਦ ਇਸ ਉਤੇ ਇਕ ਤਕੜਾ ਵਾਰ ਬਣਦੀ ਗਈ ਤੇ ਇਸ ਤਰ੍ਹਾਂ ਇਹ ਕੰਧ ਹੋਰ ਮਜ਼ਬੂਤ ਤੇ ਉੱਚੀ ਹੁੰਦੀ ਗਈ। ਹਿੰਦੁਸਤਾਨੀ ਤਾਂ ਨਾ ਇਸ ਕੰਧ ਤੋਂ ਫ਼ਾਇਦਾ ਉਠਾ ਸਕੇ, ਸਗੋਂ ਅੰਗਰੇਜ਼ ਇਸ ਦਾ ਲਾਭ ਲੈ ਗਿਆ*।

ਹਿੰਦੁਸਤਾਨ ਦੀ ਸੁਖਾਵੀਂ ਤੇ ਅੱਗੇ ਵਰਗੀ ਖੁਲ੍ਹੀ ਲੁਟ ਵਿਚ ਇਹ ਕੰਧ ਬੜੀ ਵੱਡੀ ਰੋਕ ਬਣ ਗਈ ਸੀ। ਹਰ ਹੱਲੇ ਵਿਚ ਲੁਟ ਦੇ ਨਾਲ ਨਾਲ ਵੱਡਾ ਮਨੋਰਥ ਇਸ ਦੀਵਾਰ ਨੂੰ ਡੇਗਣ ਦਾ ਵੀ ਸੀ। ਇਹੋ ਕਾਰਨ ਸੀ ਕਿ ਸਤਵੇਂ ਤੇ ਅੱਠਵੇਂ ਹੱਲੇ ਨੂੰ ਜਹਾਦ ਦਾ ਰੰਗ ਦਿਤਾ ਗਿਆ ਸੀ, ਤਾਕਿ ਦੁਰਾਨੀ ਤੇ ਬਲੋਚੀ ਫ਼ੌਜਾਂ ਨਾਲ ਪੰਜਾਬ ਦੀ ਮੁਸਲਮਾਨ ਵਸੋਂ ਵੀ ਜਨੂੰਨ-ਵੱਸ ਹੋ, ਮਿਲ ਕੇ ਇਸ ਦੀਵਾਰ ਨੂੰ ਡੇਗਣ ਵਿਚ ਸਹਾਈ ਹੋਵੇ। ਪਰ ਅਬਦਾਲੀ ਇਨ੍ਹਾਂ ਸਾਰਿਆਂ ਉਪਰਾਲਿਆਂ ਤੇ ਸਵਿਧਾਵਾਂ ਦੇ ਬਾਵਜੂਦ ਸਿੰਘਾਂ ਦੀ ਤਾਕਤ ਨੂੰ ਤੋੜ ਨਾ ਸਕਿਆ।

ਬੰਗਾਲ-ਬਿਹਾਰ ਦੇ ਨਵਾਬ ਮੀਰ ਕਾਸਿਮ ਜਿਸ ਨੂੰ ਅੰਗਰੇਜ਼ਾਂ ਨੇ ਮੁਰਸ਼ਦਾ ਬਾਦ ਦੇ ਤਖਤੋਂ ਉਤਾਰ ਦਿਤਾ ਸੀ, ਦੇ ਵਕੀਲ ਉਸ ਨੂੰ ਰੁਹਤਾਸ ਮਿਲੇ ਤੇ ਨਵਾਬ ਵਲੋਂ ਬੇਨਤੀ ਕੀਤੀ ਕਿ ਦੀਨੀ ਭਰਾ ਹੋਣ ਦੇ ਨਾਤੇ ਅੰਗਰੇਜ਼ਾਂ ਵਿਰੁਧ ਉਨ੍ਹਾਂ ਦੀ ਸਹਾਇਤਾ ਕਰਕੇ ਉਸ ਨੂੰ ਮੁੜ ਮੁਰਸ਼ਦਾ ਬਾਦ ਦੇ ਤਖ਼ਤ ਉਤੇ ਬਿਠਾ ਦੇਵੇ। ਇਸ ਦੇ ਇਵਜ਼ ਵਿਚ ਉਹ ਹਿੰਦੁਸਤਾਨ ਵਿਚ ਉਸ ਦੇ ਹਮਲਿਆਂ ਵੇਲੇ ਉਸ ਦੀ ਹਰ ਤਰ੍ਹਾਂ ਨਾਲ ਯਥਾ-ਸ਼ਕਤ ਸਹਾਇਤਾ ਕਰੇਗਾ। ਅੰਗਰੇਜ਼ ਕਲਕੱਤੇ ਬੈਠਾ ਹੋਇਆ ਵੀ ਅਹਿਮਦ ਸ਼ਾਹ ਦੀ ਹਰ ਹਰਕਤ ਨੂੰ ਨਜ਼ਰ ਵਿਚ ਰਖਦਾ ਸੀ। ਇਸ ਕੰਮ ਲਈ ਉਸ ਦਾ ਸੂਹ ਵਿਭਾਗ ਬੜੀ ਚੌਕਸੀ ਨਾਲ ਕੰਮ ਕਰਦਾ ਸੀ। ਲਾਰਡ ਕਲਾਈਵ ਨੇ ਬਾਅਦ ਵਿਚ ਜਦ ਅਹਿਮਦ ਸ਼ਾਹ ਦੇ ਇਸ ਹੱਲੇ ਬਾਰੇ ਬੜਾ ਚਿੰਤਾਤੁਰ ਹੋ ਕੇ ਜਾਣਕਾਰੀ ਮੰਗੀ ਸੀ ਤਾਂ ਅਬਦਾਲੀ ਦੇ ਵਜ਼ੀਰ ਆਜ਼ਮ ਸ਼ਾਹ ਵਲੀ ਖ਼ਾਨ ਨੇ ਆਪਣੇ ਇਕ ਪੱਤਰ ਰਾਹੀਂ, ਜੋ ਅੱਠ ਅਪ੍ਰੈਲ 1767 ਈ: ਨੂੰ ਲਿਖਿਆ ਗਿਆ ਸੀ, ਕਿਹਾ ਸੀ ਕਿ "ਇਹ ਮੁਹਿੰਮ ਤਾਂ ਸਿਰਫ਼ ਦੁਰਭਾਗੇ ਸਿੱਖਾਂ ਨੂੰ ਮਲੀਆਮੇਟ ਕਰਨ ਲਈ ਹੀ ਸੀ।"†

**ਸ਼ਾਹ ਨੇ ਦਰਿਆ ਸਿੰਧ ਪਾਰ ਕਰਨਾ :-**

ਅਹਿਮਦ ਸ਼ਾਹ ਨਵੰਬਰ 1766 ਈ: ਦੇ ਆਖ਼ਰੀ ਹਫ਼ਤੇ ਵਿਚ ਕੰਧਾਰੋਂ ਤੁਰਿਆ, 30 ਨਵੰਬਰ ਤਕ ਅਟਕੋਂ ਦਰਿਆ ਪਾਰ ਹੋ ਗਿਆ। ਬੇਗੀ ਤਕ, ਜੋ ਰੁਹਤਾਸ ਤੋਂ 10 ਕੁ ਕੋਹ ਹੈ, ਬਿਨਾਂ ਕਿਸੇ ਰੋਕ ਟੋਕ

*ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ II ਪੰਨਾ 52-65, 327, 145.

†ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ, II ਪੰਨਾ 12ੲ, 16ੲ, 284.



www.AKJ.Org

ਚਲਿਆ ਆਇਆ। ਇਨ੍ਹਾਂ ਇਲਾਕਿਆਂ ਵਿਚ ਸ: ਬੱਲਮ ਸਿੰਘ ਤੇ ਹੋਰ ਕਈ ਸਿੰਘ ਸਰਦਾਰ ਵੱਖ ਵੱਖ ਛੋਟਿਆਂ ਛੋਟਿਆਂ ਕਿਲ੍ਹਿਆਂ ਵਿਚ ਲਗ ਪਗ 7 ਕੁ ਹਜ਼ਾਰ ਘੋੜ-ਸਵਾਰ ਲਈ ਬੈਠੇ ਸਨ। ਇਹ ਸਾਰੇ ਘੋੜ-ਸਵਾਰ ਖਿੱਲਰੇ ਹੋਏ ਹੋਣ ਦੇ ਨਾਤੇ ਤਟ ਫਟ ਇਕ ਥਾਂ ਇਕੱਠੇ ਕਰਕੇ ਇਕ ਸਾਂਝੀ ਕਮਾਨ ਥੱਲੇ ਨਾ ਲਿਆਂਦੇ ਜਾ ਸਕੇ। ਏਡੇ ਵੱਡੇ ਲਸ਼ਕਰ ਨਾਲ ਖਿੰਡ ਪੁੰਡ ਕੇ ਟਾਕਰਾ ਕਰਨਾ ਸੁਖਾਲਾ ਨਹੀਂ ਸੀ, ਪਰ ਫਿਰ ਵੀ ਸਿੰਘਾਂ ਜਾਨਾਂ ਤੋੜ ਕੇ ਮੁਕਾਬਲਾ ਕੀਤਾ। ਖਿੰਡੀ ਪੁੰਡੀ ਤਾਕਤ ਏਡੀ ਵੱਡੀ ਫੌਜ ਨਾਲ ਕਿੰਨਾ ਕੁ ਚਿਰ ਨਿਭ ਸਕਦੀ ਸੀ। ਨਤੀਜੇ ਦੇ ਤੌਰ ਤੇ ਸ: ਬੱਲਮ ਸਿੰਘ ਮਾਰਿਆ ਗਿਆ। ਕੁਝ ਹਿੱਸਾ ਕੈਦ ਹੋਇਆ ਤੇ ਬਾਕੀਆਂ ਦਰਿਆ ਲੰਘਣ ਪਿਛੋਂ ਫਿਰ ਦੁਰਾਨੀ ਫ਼ੌਜ ਦਾ ਰਸਤਾ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਲਸ਼ਕਰ ਦੇ ਯਲਗਾਰ ਨੇ ਇਨ੍ਹਾਂ ਨੂੰ ਪਿਛਾਂਹ ਧੱਕ ਦਿਤਾ।*

ਅਹਿਮਦ ਸ਼ਾਹ ਜਿਹਲਮ ਟੱਪ ਕੇ ਅੱਗੇ ਹੋ ਤੁਰਿਆ ਤੇ ੪ ਦਸੰਬਰ ਨੂੰ ਗੁਜਰਾਤ ਪਹੁੰਚ ਗਿਆ। ਰੁਹਤਾਸ ਤੋਂ ਲੈ ਕੇ ਗੁਜਰਾਤ ਤੱਕ ਦੇ ਸਾਰੇ ਸਥਾਈ ਅਫ਼ਗਾਨ ਸਰਦਾਰ ਆਪਣੇ ਆਪਣੇ ਸਵਾਰ ਲੈ ਕੇ ਦੁਰਾਨੀ ਫ਼ੌਜ ਦੇ ਨਾਲ ਰਲ ਗਏ। ਸ਼ਾਹ ਨੇ ਏਥੋਂ ਅਗੇ ਨੀਤੀ ਇਹ ਬਣਾਈ ਕਿ ਸਿਖਾਂ ਨੂੰ ਦਿਲੀ ਤੋਂ ਮੁੜਦਿਆਂ ਸਬਕ ਸਿਖਾਇਆ ਜਾਵੇ। ਹੁਣ ਰਵਾਂ-ਰਵੀਂ ਸੂਟ ਮਾਰ ਕੇ ਦਿਲੀ ਅੱਪੜਿਆ ਜਾਵੇ। ਪਰ ਈਸ਼ਵਰ ਨੂੰ ਇਹ ਮਨਜ਼ੂਰ ਨਹੀਂ ਸੀ। ਉਸ ਦੀ ਦਿਲੀ ਅੱਪੜਨ ਦੀ ਸਿੱਕ ਸੀਨੇ ਵਿਚ ਹੀ ਘੁਟ ਕੇ ਮਰ ਗਈ। ਦਿੱਲੀ ਦਾ ਨਜ਼ਾਰਾ ਮੁੜ ਉਸ ਦੀਆਂ ਅਖਾਂ ਨਾ ਵੇਖ ਸਕੀਆਂ।

ਗੁਜਰਾਤੋਂ ਪਾਤਸ਼ਾਹ ਲਾਹੌਰ ਵੱਲ ਨੂੰ ਸਿਧਾ ਨਹੀਂ ਆਇਆ, ਸਗੋਂ ਸ਼ਾਹ ਦੌਲੇ ਦੇ ਪੁਲੋਂ ਚਨਾਬ ਨੂੰ ਪਾਰ ਕਰ ਕੇ ਉਹ ਦੁਆਬ-ਬਾਰੀ ਵਿਚ ਦਾਖ਼ਲ ਹੋ ਕੇ ਸਿਆਲਕੋਟ ਨੂੰ ਹੋ ਤੁਰਿਆ। ੧੦ ਦਸੰਬਰ ਨੂੰ ਉਹ ਸਿਆਲਕੋਟੋਂ ਚਲ ਕੇ ਡਸਕੇ ਵਾਲੀ ਸੜਕੇ ਪੈ ਕੇ ੧੧ ਕੁ ਮੀਲ ਅੱਗੇ ਝਾਂਗੀ† (ਜਾਮਕੇ), ਜੋ ਸਿਆਲਕੋਟੋਂ ਦੱਖਣ ਪੱਛਮ ਵਿਚ ਹੈ, ਆਣ ਡੇਰਾ ਕੀਤਾ। ਏਥੇ ਸ਼ਾਹ ੪ ਦਿਨ ਤਕ ਠਹਿਰਿਆ ਤੇ ਚਾਰ ਮੁਗ਼ਲ (ਗੁਜਰਾਤ, ਪਸਰੂਰ, ਔਰੰਗਾਬਾਦ, ਸਿਆਲਕੋਟ) ਦੇ ਜ਼ਿਮੀਦਾਰਾਂ ਨੂੰ ਸੇਵਾ ਵਿਚ ਹਾਜ਼ਰ ਕਰ ਕੇ ਉਨ੍ਹਾਂ ਤੋਂ ਮਚੱਲਕੇ ਲਏ ਕਿ ਉਹ ਸਿਖੀ ਦੇ ਚਿੰਨ੍ਹਾਂ ਵਾਲਿਆਂ ਦੀ ਸੂਹ ਤੇ ਟੋਹ ਰਖਣਗੇ ਤੇ ਸਿਖੀ ਸਰੂਪ ਨੂੰ ਪੂਰੀ ਸਖ਼ਤੀ ਨਾਲ ਨਸ਼ਟ ਕਰਨਗੇ। ਉਨ੍ਹਾਂ ਦੀ ਪੂਰੀ ਜ਼ਿਮੇਵਾਰੀ ਹੋਵੇਗੀ ਕਿ ਉਹ ਕਿਸੇ ਸਿਖ ਨੂੰ ਆਪਣੇ ਪਾਸ ਸ਼ਰਨ ਨਾ ਦੇਣ। ਜੇ ਸਬੱਬੀ ਕੋਈ ਸਿਖ ਉਨ੍ਹਾਂ ਦੇ ਹੱਥ ਆ ਜਾਵੇ ਤਾਂ ਉਸ ਨੂੰ ਸ਼ਾਹ ਪਾਸ ਪਹੁੰਚਾ ਦੇਣਗੇ, ਤਾਂ ਕਿ ਉਸ ਨੂੰ ਜੋਗ ਡੰਨ ਦਿਤਾ ਜਾ ਸਕੇ।"‡

ਇਹ ਸਭ ਕੁਝ ਸ਼ਾਹ ਦੇ ਤਨ-ਰਕਸ਼ਿਕ ਸਆਦਤ ਖ਼ਾਨ ਦੇ ਕਹਿਣ ਤੇ ਹੋਇਆ ਸੀ, ਕਿਉਂਕਿ ਉਸ ਨੂੰ ਇਸ ਗੱਲ ਦੀ ਸੂਹ ਸੀ ਕਿ ਏਥੇ ਏਸ ਜੂਹ ਵਿਚ ਬਹੁਤ ਸਾਰੇ ਸਿਖ ਲੁਕੇ ਹੋਏ ਹਨ ਤੇ ਇਹ ਜ਼ਿਮੀਦਾਰ ਉਨ੍ਹਾਂ ਨੂੰ ਪਨਾਹ ਦੇਂਦੇ ਹਨ। ਸਆਦਤ ਖ਼ਾਨ ਨੇ ਕਹਿ ਕੇ ਇਨ੍ਹਾਂ ਜ਼ਿਮੀਦਾਰਾਂ ਨੂੰ ਡੇਢ ਲਖ ਰੁਪੈ ਤਾਵਾਨ ਵੀ ਪੁਆ ਦਿਤਾ ਸੀ।

**ਨੋਟ** :-ਇਹ ਗੱਲ ਖ਼ਾਸ ਤੌਰ ਤੇ ਧਿਆਨ ਵਿਚ ਰੱਖਣ ਵਾਲੀ ਹੈ ਕਿ ਜਦ ਅਹਿਮਦ ਸ਼ਾਹ ਬੜਾ ਵੱਡਾ ਲਾਮ-ਲਸ਼ਕਰ ਲੈ ਕੇ "ਅਸਲਾਮੀ ਜਹਾਦ ਸਿਖ ਕਾਫ਼ਰਾਂ ਦਾ ਤਲਾ ਮੂਲ ਪੁਟਣ ਲਈ" ਦਾ

---

*ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ, II 16ੲ।

† ਡਾਕਟਰ ਹਰੀ ਰਾਮ ਜੀ ਗੁਪਤਾ ਨੇ ਹਿਸਟਰੀ ਆਫ਼ ਦੀ ਸਿਖਸ, ਜਿਲਦ ਦੂਜੀ ਸਫ਼ਾ ੨੩੭ ਉਤੇ ਇਸ ਦਾ ਨਾਉਂ "ਘੁੰਏਂ ਕੀ" ਲਿਖਿਆ ਹੈ।

‡ ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ, II 16ੲ।



www.AKJ.Org

ਨਾਅਰਾ ਲਾ ਕੇ ਆਉਂਦਾ ਹੈ ਤਾਂ ਗੁਰਮੁਖ ਸਿੰਘਾਂ ਵਿਚੋਂ ਕਈ ਮੁਸਲਮਾਨ ਜ਼ਿਮੀਦਾਰ ਭਰਾਵਾਂ ਪਾਸ ਲੁਕ ਕੇ ਦਿਨ-ਕਟੀ ਕਰਦੇ ਹਨ। 'ਜਹਾਦ' ਹਰ ਮੁਸਲਮਾਨ ਉਤੇ ਫ਼ਰਜ਼ ਹੈ ਕਿ ਉਹ ਯਥਾ ਜੋਗ ਹਿਸਾ ਪਾਵੇ। ਬੱਚੇ ਬੁੱਢੇ ਠੇਰੇ ਤੇ ਤ੍ਰੀਮਤਾਂ ਨੂੰ ਛਡ ਕੇ ਸ਼ਸਤਰ ਬੰਨ੍ਹ ਕੇ ਕਾਫ਼ਰਾਂ ਦੇ ਖ਼ਿਲਾਫ਼ ਲੜਨਾ ਇਕ ਮਜ਼ਹਬੀ ਫ਼ਰੀਜ਼ਾ ਹੈ, ਜਿਸ ਦੀ ਕਿਸੇ ਨੂੰ ਛੋਟ ਨਹੀਂ। ਪਰ ਕਿੰਨੇ ਅਚੰਭੇ ਦੀ ਗੱਲ ਹੈ ਕਿ ਮੁਸਲਮਾਨ ਜ਼ਿਮੀਦਾਰ ਜਹਾਦ ਦੇ ਫ਼ਰਜ਼ ਨੂੰ ਭੁੱਲ ਕੇ ਤੇ ਅਹਿਮਦ ਸ਼ਾਹ ਵਰਗੇ ਜਾਬਰ ਪਾਤਸ਼ਾਹ ਦਾ ਡਰ ਵੀ ਭੁਲਾ ਕੇ ਸਿਖ ਭਰਾਵਾਂ ਨੂੰ ਪਨਾਹ ਦੇਂਦੇ ਸਨ—ਧਰਮੋਂ ਗੁਨਾਹੀ, ਸਰਕਾਰੋਂ ਦੋਸ਼ੀ ! ਜ਼ਰਾ ਠੰਢੇ ਦਿਲ ਨਾਲ ਸੋਚੀਏ ਤਾਂ ਕੁਝ ਤੱਥ ਉਭਰ ਕੇ ਸਾਮ੍ਹਣੇ ਆਉਂਦੇ ਹਨ। ਜਿਵੇਂ ਕਾਜ਼ੀ ਨੂਰ ਮੁਹੰਮਦ ਨੇ ਸਤਵੇਂ ਹੱਲੇ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਿਆ ਹੈ ਕਿ ਲੁੱਟ ਮਾਰ ਤੇ ਉਜਾੜ ਪੁਜਾੜ ਏਨੀ ਭਿਆਨਕ ਹੋਈ ਕਿ ਮੁਸਲਮਾਨ ਤੇ ਹਿੰਦੂ ਵਿਚ ਪਹਿਚਾਨ ਨਾ ਰਹੀ।

ਨ ਸ਼ੁਦ ਅਜ਼ ਸਗੋ ਗ਼ੈਰ ਸਗ ਇਮਤਿਆਜ਼। ਬ-ਹਰ ਜਾ ਜ਼ਿ ਲਸ਼ਕਰ ਸ਼ੁਦ੍ਹਾ ਤੁਰਕ ਤਾਜ਼।

[ਜੰਗਨਾਮਾ ਸਫ਼ਾ ੧੦੩-੦੪, ਬੰਦ ੧੫ਵਾਂ

ਇਹ ਕਿਸ ਕਿਸਮ ਦਾ ਜਹਾਦ ਹੈ ਜਿਸ ਵਿਚ ਮੁਸਲਮਾਨ ਵੀ ਮਾਰੇ ਕੁਟੇ ਤੇ ਲੁਟੇ ਪੁਟੇ ਜਾਂਦੇ ਹਨ ? ਇਸ ਨਿਰੋਲ ਲੁਟ-ਮਾਰ ਤੇ ਧਾੜੇ ਨੂੰ ਜੋ ਅਸਲਾਮੀ ਜਹਾਦ ਦਾ ਨਾਉਂ ਦਿੱਤਾ ਜਾਂਦਾ ਸੀ, ਉਸ ਦੀ ਹਕੀਕਤ ਮੁਸਲਮਾਨਾਂ ਤੇ ਝੱਟ ਖੁਲ੍ਹ ਗਈ ਸੀ। ਇਸ ਵਿਚ ਮੁਸਲਮਾਨ ਕਿਵੇਂ ਹਿਸੇਦਾਰ ਬਣਨ ? ਕਿਵੇਂ ਆਪਣੇ ਘਰ ਦੀ ਲੁੱਟ ਤੇ ਤਬਾਹੀ ਵਿਚ ਬਾਹਰਲੇ ਧਾੜਵੀਆਂ ਦਾ ਹੱਥ ਵਟਾਉਣ ?

ਰਾਠ ਸਿੰਘ ਜਥਿਆਂ ਵਿਚ ਸ਼ਾਮਲ ਹੋ ਕੇ ਇਨ੍ਹਾਂ ਬੁੱਚੜਾਂ ਦੇ ਦੰਦ ਭੰਨਦੇ ਸਨ ਤੇ ਪੰਜਾਬੀਆਂ ਨੂੰ ਬਚਾਉਂਦੇ ਸਨ। ਪੰਜਾਬੀ ਭਾਵੇਂ ਹਿੰਦੂ ਹੈ, ਮੁਸਲਮਾਨ ਜਾਂ ਸਿਖ ਹੈ, ਹੈ ਤਾਂ ਪੰਜਾਬੀ ਹੀ ਨਾ। ਜੋ ਆਪਣੇ ਭਰਾਵਾਂ ਦੇ ਵਸੇਬੇ ਲਈ ਆਪਣਾ ਖ਼ੂਨ ਡੋਲ੍ਹ ਰਿਹਾ ਹੈ, ਉਸ ਨੂੰ ਬਚਾਉਣਾ ਦੂਸਰੇ ਆਪਣਾ ਧਰਮ ਸਮਝਣਗੇ।

ਮੁਸਲਮਾਨ ਵੇਖ ਰਹੇ ਸਨ ਕਿ ਸਿਖ ਦਿਨ-ਬਦਿਨ ਤਾਕਤ ਫੜਦੇ ਜਾ ਰਹੇ ਹਨ। ਅਬਦਾਲੀ ਆਇਆ ਤੇ ਗਿਆ, ਇਨ੍ਹਾਂ ਤਾਂ ਏਥੇ ਹੀ ਸਾਡੇ ਵਿਚ ਰਹਿਣਾ ਹੈ, ਇਸ ਲਈ ਇਨ੍ਹਾਂ ਨਾਲ ਕਿਉਂ ਗੁਆਈ ਜਾਵੇ।

ਸਭ ਤੋਂ ਵੱਡੀ ਗੱਲ ਸੀ ਉਨ੍ਹਾਂ ਸੂਰਮਿਆਂ ਦਾ ਸਿਖੀ ਕਿਰਦਾਰ, ਜਿਸ ਦੇ ਸੋਹਲੇ ਕਾਜ਼ੀ ਨੂਰ ਮੁਹੰਮਦ ਵਰਗਾ ਕਟੜ ਦੁਸ਼ਮਣ ਵੀ ਗਾਉਂਦਾ ਹੈ। ਉਹਨਾਂ ਦੀ ਸੂਰਮਗਤੀ ਸਿਰੇ ਦੀ, ਜਿਸਮਾਨੀ ਤਾਕਤ ਲੋਹੜੇ ਦੀ, ਇਕ ਇਕ ੫੦-੫੦ ਉਤੇ ਭਾਰੂ ਤੇ ਪਹਾੜ ਦੀ ਚਟਾਨ ਵਰਗੇ, ਆਲ੍ਹਾ ਦਰਜੇ ਦੇ ਸ਼ਹਿ-ਸਵਾਰ, ਧੀ ਭੈਣ ਦੀ ਇੱਜ਼ਤ-ਪੱਤ ਦੇ ਰਾਖੇ, ਨਾ ਚੋਰ, ਨਾ ਚੋਰ ਦੇ ਯਾਰ, ਮੈਦਾਨੋਂ ਭਜ ਨਿਕਲੇ ਤੇ ਹਥਿਆਰ ਸੁਟੀ ਬੈਠੇ ਵੈਰੀ ਨੂੰ ਵੀ ਕੁਝ ਨਾ ਕਹਿਣ ਵਾਲੇ, ਉਚੀ ਕਰਨੀ ਤੇ ਸੁਚੀ ਕਥਨੀ ਦੇ ਮਾਲਕ, ਨਾ ਕਿਸੇ ਤੋਂ ਡਰਨ ਨਾ ਕਿਸੇ ਨੂੰ ਡਰਾਣ, ਜੋ ਮਨ ਵਿਚ ਸੋ ਜ਼ਬਾਨ ਤੇ, ਭਾਵ ਅੰਦਰੋਂ ਬਾਹਰੋਂ ਇਕ, ਅਤੇ ਦੁਸ਼ਮਣ ਨੂੰ ਮੈਦਾਨ ਵਿਚ ਰੋਲ ਰੋਲ ਕੇ ਮਾਰਨ ਵਾਲੇ, ਹਰ ਪਾਸਿਓਂ ਉਚੇ ਸੁੱਚੇ ਕਿਰਦਾਰ ਦੇ ਮਾਲਿਕ, ਇਕ ਅਕਾਲ ਪੁਰਖ ਨੂੰ ਮੰਨਣ ਵਾਲੇ ਤੇ ਹਰ ਧਰਮ ਦਾ ਸਤਿਕਾਰ ਕਰਨ ਵਾਲੇ। ਭਲਾ ਇਹੋ ਜਿਹੇ ਸੰਤ-ਸਿਪਾਹੀਆਂ ਨਾਲ ਮੁਸਲਮਾਨ ਖ਼ਾਹ-ਮੁਖਾਹ ਵੈਰ ਕਾਸ ਤੋਂ ਸਹੇੜਦੇ ? ਦੇਣ ਨੂੰ ਤਾਂ ਪਾਤਸ਼ਾਹ ਨੂੰ ਮਚਲਕੇ ਦੇ ਦਿਤੇ ਕਿ ਸਿਖਾਂ ਨੂੰ ਪਨਾਹ ਨਹੀਂ ਦੇਣਗੇ ਤੇ ਜੇ ਕੋਈ ਅੜਿਕੇ ਆ ਗਿਆ ਤਾਂ ਫੜ ਕੇ ਪਾਤਸ਼ਾਹ ਪਾਸ ਵੀ ਘਲਾਉਣਗੇ, ਡੇਢ ਲੱਖ ਚੱਟੀ ਵੀ ਭਰ ਦਿਤੀ, ਪਰ ਹੁਣ ਤਕ ਜਿੰਨਾ ਕੁ ਰਿਕਾਰਡ ਮਿਲਿਆ ਹੈ, ਉਸ ਵਿਚ ਕੋਈ ਐਸਾ ਵਰਨਣ ਨਹੀਂ ਕਿ ਚਾਰ ਮੁਹਾਲ ਦੇ



www.AKJ.Org

ਮੁਸਲਮਾਨ ਜ਼ਿਮੀਦਾਰਾਂ ਨੇ ਅਹਿਮਦ ਸ਼ਾਹ ਦੇ ਆਖੇ ਲੱਗ ਕੇ ਸਿਖਾਂ ਨਾਲ ਉਹ ਸਖ਼ਤੀ ਕੀਤੀ ਹੋਵੇ ਜਿਸ ਦਾ ਉਹ ਹੁਕਮ ਦੇ ਗਿਆ ਸੀ। ਇਹ ਸਿਖਾਂ ਦੇ ਅਤਿ ਉੱਚੇ ਕਿਰਦਾਰ ਦੀ ਮੂੰਹ-ਬੋਲਦੀ ਤਸਵੀਰ ਹੈ।

ਇਸ ਵੇਰਵੇ ਨਾਲ ਅਹਿਮਦ ਸ਼ਾਹ ਦੇ ਜਹਾਦਾਂ ਦੀ ਅਸਲੀਅਤ ਦਾ ਵੀ ਚੁਰਾਹੇ ਵਿਚ ਪੋਲ ਖੁਲ੍ਹ ਜਾਂਦਾ ਹੈ ਕਿ ਮਜ਼ਹਬ ਦੀ ਆੜ ਵਿਚ ਉਹ ਕੀ ਅਨਰਥ ਮਾਰਦਾ ਫਿਰਦਾ ਹੈ । ਇਸ ਦੌਰ ਨਾਲ ਸੰਬੰਧਤ ਰਿਕਾਰਡ ਵਿਚ ਇਹ ਵੀ ਕਿਧਰੇ ਨਹੀਂ ਮਿਲਦਾ ਕਿ ਸਿਖਾਂ ਨੇ ਮੁਸਲਮਾਨ ਭਰਾਵਾਂ ਨਾਲ ਕੋਈ ਅਕਾਰਨ ਵਧੀਕੀ ਕੀਤੀ ਹੋਵੇ ਜਾਂ ਆਪਣੇ ਭਰੱਪਣ ਵਿਚ ਰਤਾ ਮਾਸਾ ਫ਼ਰਕ ਆਉਣ ਦਿਤਾ ਹੋਵੇ। ਹਾਂ, ਇਹ ਗੱਲ ਜ਼ਰੂਰ ਹੈ ਕਿ ਜਿਥੇ ਕਿਸੇ ਨੇ ਅਕਾਰਨ ਵੈਰ ਕਮਾਇਆ, ਉਸ ਨੂੰ ਸੁੱਕਾ ਨਹੀਂ ਛੱਡਿਆ, ਉਸ ਨੂੰ ਕੀਤੇ ਦਾ ਫਲ ਪੂਰਾ ਪੂਰਾ ਭੁਗਤਾ ਦਿਤਾ, ਚਾਹੇ ਉਹ ਕਿਸੇ ਵੀ ਸ਼੍ਰੇਣੀ ਨਾਲ ਸੰਬੰਧ ਰਖਦਾ ਹੋਵੇ। ਸਪੱਸ਼ਟ ਹੈ ਕਿ ਬਘਿਆੜ ਦੇ ਮਿਤਰਾਨੇ ਨਾਲੋਂ ਸ਼ੇਰ ਦਾ ਯਰਾਨਾ ਕਈ ਗੁਣਾ ਚੰਗਾ ਤੇ ਲਾਭਦਾਇਕ ਹੁੰਦਾ ਹੈ। —ਸਵਰਨ ਸਿੰਘ]

**ਜਾਮਕੇ ਤੋਂ ਸ਼ਾਹ ਡਸਕੇ ਨੂੰ--**

੧੫ ਦਸੰਬਰ ਨੂੰ ਜਾਮਕੇ ਤੋਂ ਚਲ ਕੇ ਸ਼ਾਹ ਡਸਕੇ ਆਣ ਉਤਰਿਆ । ਏਥੇ ਉਹ ਦੋ ਦਿਨ ਰਿਹਾ। ਏਥੋਂ ਦੇ ਜ਼ਿਮੀਦਾਰਾਂ ਵਿਚੋਂ ਸਿਰਫ ਪੀਰ ਮੁਹੰਮਦ ਹੀ, ਜੋ ਨੌਰੰਗ (ਡਾ: ਹਰੀ ਰਾਮ ਜੀ ਨੇ ਨੂਰਕ ਲਿਖਿਆ ਹੈ ਜੋ ਦਰੁਸਤ ਨਹੀਂ ਜਾਪਦਾ) ਦਾ ਪੁੱਤਰ ਸੀ, ਪਾਤਸ਼ਾਹ ਦੀ ਸੇਵਾ ਵਿਚ ਹਾਜ਼ ਹੋਇਆ, ਬਾਕੀ ਸਭ ਜ਼ਿਮੀਦਾਰ ਡਰਦੇ ਮਾਰੇ ਨੱਸ ਗਏ।

[**ਨੋਟ** :—ਸੂਝਵਾਨ ਪਾਠਕਾਂ ਲਈ ਅਹਿਮਦ ਸ਼ਾਹ ਦੀ ਨੀਅਤ ਤੇ ਅਸਲਾਮੀ ਜਹਾਦ ਬਾਰੇ ਪੂਰੀ ਤਰ੍ਹਾਂ ਅਨੁਭਵ ਕਰ ਲੈਣਾ ਔਖਾ ਨਹੀਂ। ਅਸਲਾਮ ਲਈ ਧਰਮ-ਯੁਧ ਲਈ ਧਰਮ-ਰਖਿਅਕ ਪਾਤਸ਼ਾਹ ਮਾਰੋ ਮਾਰ ਕਰਦਾ ਆ ਰਿਹਾ ਹੈ ਤੇ ਮੁਸਲਮਾਨ, ਅਸਲਾਮ ਨੂੰ ਮੰਨਣ ਵਾਲੇ, ਉਸ ਦੀ ਆਮਦ ਸੁਣ ਕੇ ਡਰਦੇ ਮਾਰੇ ਅੱਗੇ ਅੱਗੇ ਇੰਜ ਭਜੇ ਫਿਰਦੇ ਹਨ ਜਿਵੇਂ ਤੂਫ਼ਾਨ ਆਉਣ ਤੋਂ ਥੋੜਾ ਸਮਾਂ ਪਹਿਲਾਂ ਸਹਿਮੇ ਹੋਏ ਪੰਛੀ ਏਧਰ ਉਧਰ ਉਡਦੇ ਫਿਰਦੇ ਤੇ ਚਚਲਾਂਦੇ ਫਿਰਦੇ ਹਨ। ਲੋਟੂ ਤੇ ਧਾੜਵੀ ਦਾ ਧਰਮ ਤੇ ਧਰਮ-ਭਰਾਵਾਂ ਨਾਲ ਕੋਈ ਸਨੇਹ ਨਹੀਂ ਹੁੰਦਾ, ਲੁੱਟ, ਕਤਲੋ-ਗ਼ਾਰਤ ਤੇ ਬਰਬਾਦੀ ਫੈਲਾਉਣਾ ਹੀ ਉਸਦਾ ਧਰਮ ਹੁੰਦਾ ਹੈ। —ਸਵਰਨ ਸਿੰਘ]

ਨੱਸੇ ਹੋਏ ਜ਼ਿਮੀਦਾਰਾਂ ਪਿਛੇ ਅਹਿਮਦ ਸ਼ਾਹ ਦੇ ਫ਼ੌਜੀ ਦਸਤੇ ਧਾ ਕੇ ਗਏ ਤੇ ਛੇਤੀ ਹੀ ਢਕਾਂ ਬਣਾ ਕੇ ਵਾਪਸ ਡਸਕੇ ਸ਼ਾਹ ਦੇ ਕੰਪੂ ਵਿਚ ਲੈ ਆਏ। ਜਦ ਸ਼ਾਹ ਵਲੀ ਖ਼ਾਨ ਨੇ ਉਨ੍ਹਾਂ ਤੋਂ ਇਸ ਤਰ੍ਹਾਂ ਨੱਸਣ ਦਾ ਕਾਰਨ ਪੁੱਛਿਆ, ਤਾਂ ਉਨ੍ਹਾਂ ਨਿੰਮਰਤਾ ਨਾਲ ਜੁਆਬ ਦਿਤਾ ਕਿ ਸਾਡੇ ਸੁੰਵੇ ਤੇ ਬਚਾ-ਰਹਿਤ ਦੇਸ ਵਿਚ ਦੀ ਨਸੀਰ ਖ਼ਾਨ ਦੀਆਂ ਫੌਜਾਂ ਲੰਘੀਆਂ ਸਨ ਤੇ ਅਸੀਂ ਡਰਦੇ ਮਾਰੇ ਦੇਸ ਛਡ ਕੇ ਨੱਸ ਉਠੇ। ਪਰ ਇਹ ਪਤਾ ਲੱਗਣ ਤੇ ਕਿ ਹੁਣ ਹਜ਼ੂਰ ਆਪ ਪਹੁੰਚ ਗਏ ਹਨ, ਅਸੀਂ ਹੌਸਲਾ ਧਰ ਆਏ ਹਾਂ ਤੇ ਵਾਪਸ ਪਰਤ ਆਏ ਹਾਂ। ਹੁਣ ਸਾਡਾ ਸਾਰਾ ਡਰ ਜਾਂਦਾ ਰਿਹਾ ਹੈ।

ਸਆਦਤ ਖਾਨ ਨੇ ਏਥੇ ਫਿਰ ਬੇਨਤੀ ਕੀਤੀ ਕਿ ਚਾਰ ਚੁਫੇਰੇ ਦੀ ਵਸੋਂ ਦਾ ਵਿਸ਼ਵਾਸ ਜਿਤਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਜ਼ਿਮੀਦਾਰਾ ਨੂੰ ਧੀਰਜ ਦਿਤੀ ਜਾਵੇ, ਇਨ੍ਹਾਂ ਉਤੇ ਦਯਾ ਦ੍ਰਿਸ਼ਟੀ ਰਖੀ ਜਾਵੇ ਤੇ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਾ ਦਿੱਤੀ ਜਾਵੇ। ਜੇ ਕਿਸੇ ਨੂੰ ਏਨੀ ਗਲੋਂ ਹੀ ਕਤਲ ਕਰ ਦਿਤਾ ਗਿਆ ਕਿ ਉਹ ਨਠੇ ਕਿਉਂ ਸਨ ਤਾਂ ਫਿਰ ਅੱਗੇ ਤੋਂ ਕੋਈ ਵੀ ਪਾਤਸ਼ਾਹ ਦੀ ਖ਼ਿਦਮਤ ਵਿਚ



www.AKJ.Org

ਹਾਜ਼ਰ ਹੋਣ ਦਾ ਹੀਆ ਨਹੀਂ ਕਰੇਗਾ। ਪਾਤਸ਼ਾਹ ਨੇ ਇਸ ਰਾਏ ਨੂੰ ਮੰਨ ਲਿਆ ਤੇ ਉਨ੍ਹਾਂ ਨੂੰ ਤਿੰਨ ਲੱਖ ਦਾ ਤਾਵਾਨ ਪਾ ਕੇ ਛਡ ਦਿਤਾ ਤੇ ਧੀਰਜ ਦਿਤੀ ਕਿ ਪਾਤਸ਼ਾਹ ਉਹਨਾਂ ਲਈ ਅਮਨ-ਅਮਾਨ ਦਾ ਜ਼ੁਮੇਵਾਰ ਹੈ।*

[ਨੋਟ :–ਜੇ ਕੋਈ ਆਪਣੀ ਇਜ਼ਤ-ਪੱਤ ਤੋਂ ਜਾਨ ਬਚਾਉਣ ਲਈ ਨੱਸਣ ਭੱਜਣ ਦੀ ਕੋਸ਼ਿਸ਼ ਕਰੇ ਤਾਂ ਵੀ ਜੁਰਮਾਨਾ ਭਰੇ–ਲੱਖਾਂ ਦੀ ਗਿਣਤੀ ਵਿਚ। ਕਿੱਡੀ ਵਧੀਆ ਮਿਸਾਲ ਹੈ ਜਹਾਦ ਦੀ।–ਸਵਰਨ ਸਿੰਘ]

## ਸ਼ਾਹ ਦੀ ਲਾਹੌਰ ਵਲ ਰਵਾਨਗੀ :–

ਸ਼ਾਹ ਡਸਕੇ ਦੋ ਦਿਨ ਠਹਿਰ ਕੇ ਅੱਗੇ ਐਮਨਾਬਾਦ ਨੂੰ ਕੂਚ ਕਰ ਗਿਆ। 21 ਦਸੰਬਰ ਨੂੰ ਵੀ ਮਾਰਚ ਜਾਰੀ ਰਿਹਾ ਤੇ ਫ਼ੈਜ਼ਲਾਬਾਦ ਆਣ ਉਤਾਰਾ ਕੀਤਾ। ਇਹ ਮੁਕਾਮ ਐਮਨਾਬਾਦੋਂ 16 ਕੁ ਮੀਲ ਤੇ ਲਾਹੌਰੋਂ ਪੱਛਮ ਵਿਚ 6-7 ਮੀਲ ਦੀ ਵਿਥ ਉਤੇ ਹੈ। ਸ਼ਾਹ ਨੇ ਅਗਾਊਂ ਫ਼ੌਜ ਜਹਾਨ ਖਾਨ, ਬਰਖ਼ੁਰਦਾਰ ਖਾਨ, ਅਰਜ਼ ਬੇਗੀ, ਦਰਵੇਸ਼ ਅਲੀ ਖਾਨ ਹਜ਼ਾਰਾ ਨਾਲ ਲਾਹੌਰ ਵੱਲ ਤੋਰ ਦਿਤੀ, ਜਿਨ੍ਹਾਂ ਰਜ਼ੀ ਘਾਟੋਂ ਦਰਿਆ ਰਾਵੀ ਟੱਪ ਕੇ ਸ਼ਹਿਰ ਅਤੇ ਕਿਲ੍ਹੇ ਉਤੇ, ਜੋ ਖਾਲੀ ਪਏ ਸਨ, ਕਬਜ਼ਾ ਕਰ ਲਿਆ† । ਸ਼ਾਹ ਆਪ ਪਿਛੋਂ ਫ਼ੈਜ਼ਲਾਬਾਦੋਂ ਚਲ ਕੇ 22 ਦਸੰਬਰ ਨੂੰ ਲਾਹੌਰੋਂ ਉੱਤਰ-ਚੜ੍ਹਦੇ ਨੂੰ ਪਿੰਡ ਮਹਿਮੂਦ ਬੂਟੀ ਆਣ ਉਤਰਿਆ‡।

ਬੱਲਮ ਸਿੰਘ ਦੀਆਂ ਫੌਜਾਂ ਦੇ ਖਿੰਡ ਪੁੰਡ ਜਾਣ ਤੋਂ ਲੈ ਕੇ ਲਾਹੌਰ ਅੱਪੜਨ ਤਕ ਸ਼ਾਹ ਉਤੇ ਕਿਸੇ ਹੋਰ ਸਿਖ ਸਰਦਾਰ ਨੇ ਹੱਲਾ ਨਹੀਂ ਕੀਤਾ। ਸ਼ਾਹ ਦੀ ਲਾਹੌਰ ਨਜ਼ਦੀਕ ਆਮਦ ਨੂੰ ਸੁਣ ਕੇ, ਇਸ ਵੇਲੇ ਲਾਹੌਰ ਵਿਚ ਮੌਜੂਦ ਸਿੰਘ ਸਰਦਾਰ ਸੋਭਾ ਸਿੰਘ, ਲਹਿਣਾ ਸਿੰਘ, ਗੁਜਰ ਸਿੰਘ, ਹੀਰਾ ਸਿੰਘ,ਅਜਾਇਬ ਸਿੰਘ, ਜਿਨ੍ਹਾਂ ਪਾਸ ਮਿਲਾ ਕੇ 7-8 ਹਜ਼ਾਰ ਸਵਾਰ ਸਨ, ਜੋ ਸ਼ਾਹ ਦੇ ਟਾਕਰੇ ਲਈ ਬਹੁਤ ਥੋੜ੍ਹੀ ਤਾਕਤ ਸੀ, ਨੂੰ ਲੈ ਕੇ ਲਾਂਭ ਚਾਂਭ ਖਿੰਡ ਪੁੰਡ ਗਏ। ਇਸ ਦੇ ਦੋ ਹੀ ਅਰਥ ਹੋ ਸਕਦੇ ਹਨ, ਇਕ ਇਹ ਕਿ ਉਹ ਸ਼ਾਹ ਦਾ ਇਰਾਦਾ ਤੇ ਨੀਅਤ ਸਮਝਣਾ ਚਾਹੁੰਦੇ ਸਨ, ਦੂਜਾ ਸ਼ਾਇਦ ਕਿਸੇ ਚੰਗੇ ਮੌਕੇ ਦੀ ਤਾੜ ਵਿਚ ਹੋਣ, ਜਦ ਸ਼ਾਹ ਨੂੰ ਭੁਚਲਾ ਕੇ ਅਚਨਚੇਤ ਇਕ ਕਰਾਰੀ ਸੱਟ ਮਾਰ ਸਕਣ। ਇਸ ਦਾ ਇਕ ਸਿੱਟਾ ਇਹ ਵੀ ਨਿਕਲਿਆ ਕਿ ਸ਼ਹਿਰ ਇਕ ਤਕੜੇ ਖ਼ੂਨ ਖਰਾਬੇ ਤੋਂ ਬਚ ਗਿਆ। ਸ: ਗੁਜਰ ਸਿੰਘ ਲਹਿਣਾ ਸਿੰਘ ਤਾਂ ਕਸੂਰ ਨੂੰ ਹਟ ਗਏ। ਸ: ਸੋਭਾ ਸਿੰਘ, ਅਜਾਇਬ ਸਿੰਘ ਤੇ ਹੀਰਾ ਸਿੰਘ ਬਾਬਾ ਫਰੀਦ (ਪਾਕ-ਪਟਨ) ਵਲ ਜਾ ਨਿਕਲੇ।

## ਸ਼ਾਹ ਦਾ ਲਾਹੌਰ ਵਿਚ ਦਾਖਲ ਹੋਣਾ, ਸ: ਲਹਿਣਾ ਸਿੰਘ ਨੂੰ ਸੱਦ ਘਲਣਾ ਤੇ ਉਸ ਦਾ ਅਗੋਂ ਉੱਤਰ :–

ਅਹਿਮਦ ਸ਼ਾਹ ਦੇ ਮਹਿਮੂਦ ਬੂਟੀ ਵਿਖੇ ਉਤਾਰੇ ਦੀ ਖ਼ਬਰ ਸੁਣ ਕੇ ਲਾਹੌਰ ਸ਼ਹਿਰ ਦੇ ਕੁਝ ਕੁ ਅਮੀਰ ਤੇ ਪਤਵੰਤੇ ਲੋਕ ਉਸ ਨੂੰ ਮਿਲਣ ਲਈ ਸੇਵਾ ਵਿਚ ਹਾਜ਼ਰ ਹੋਏ। ਜਦ ਗੱਲ-ਬਾਤ ਚਲੀ ਤਾਂ ਸ਼ਹਿਰ ਦੇ ਇਨ੍ਹਾਂ ਵਡੇਰਿਆਂ ਨੇ ਪਾਤਸ਼ਾਹ ਨੂੰ ਦਸਿਆ ਕਿ ਸ: ਲਹਿਣਾ ਸਿੰਘ ਬੜਾ ਧਰਮੀ ਤੇ ਨੇਕ ਹਾਕਮ ਸੀ, ਤਾਕਤ ਦੀ ਉਸ ਨੇ ਕਦੀ ਵੀ ਦੁਰ-ਵਰਤੋਂ ਨਹੀਂ ਸੀ ਕੀਤੀ। ਸਾਰਿਆਂ ਦਾ ਭਲਾ ਚਾਹੁਣ ਵਾਲਾ ਤੇ ਸਾਰਿਆਂ ਨਾਲ ਇਕੋ ਜਿਹਾ ਸਲੂਕ ਕਰਨ ਵਾਲਾ ਸੀ। ਹਿੰਦੂ ਮੁਸਲਮਾਨਾਂ ਨਾਲ ਕਦੀ ਵੀ ਉਸ ਨੇ ਵਿਤਕਰਾ

---

*ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ, II ਪੰਨਾ 16ਏ।

†ਮੁਫ਼ਤੀ ਅਲੀਉੱਦੀਨ–ਇਬਰਤਨਾਮਾ, ਸਫ਼ਾ 130-ਏ।

‡ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ, II, ਸਫ਼ਾ 16-ਏ, 20, 36।



www.AKJ.Org

ਨਹੀਂ ਸੀ ਕੀਤਾ, ਹਰ ਇਕ ਦੀ ਬਰਾਬਰ ਹੱਕ-ਰਸੀ ਕਰਦਾ ਸੀ। ਜਦੋਂ ਈਦ ਦਾ ਸ਼ੁਭ ਦਿਹਾੜਾ ਆਉਂਦਾ ਉਹ ਕਾਜ਼ੀਆਂ, ਮੁਫ਼ਤੀਆਂ ਤੇ ਮਸਜਦਾਂ ਦੇ ਇਮਾਮਾਂ ਨੂੰ ਦਸਤਾਰਾਂ ਦੇਂਦਾ, ਤੇ ਵਿਦਵਾਨਾਂ ਦੀ ਬਿਨਾਂ ਕਿਸੇ ਵਿਤਕਰੇ ਦੇ ਬੜੀ ਕਦਰ ਕਰਦਾ ਅਤੇ ਉਨ੍ਹਾਂ ਉਤੇ ਬੜੀ ਦਯਾ ਦ੍ਰਿਸ਼ਟੀ ਰਖਦਾ ਸੀ। ਅਸੀਂ ਉਸ ਦੇ ਰਾਜ ਵਿਚ ਬੜਾ ਅਨੰਦ ਤੇ ਸੁਖ ਮਾਣਿਆ ਹੈ। ਅਹਿਮਦ ਸ਼ਾਹ ਇਹ ਸਭ ਕੁਝ ਸੁਣ ਕੇ ਬੜਾ ਖੁਸ਼ ਹੋਇਆ। ਪਰ ਉਸ ਨੇ ਨਾਲ ਹੀ ਹੈਰਾਨੀ ਤੇ ਅਫਸੋਸ ਵੀ ਜ਼ਾਹਰ ਕੀਤਾ ਕਿ ਜੇ ਸ: ਲਹਿਣਾ ਸਿੰਘ ਏਨਾ ਨੇਕ ਤੇ ਅੱਵਲ ਦਰਜੇ ਦਾ ਪਰਬੰਧਕ ਸੀ ਤਾਂ ਉਹ ਨੱਸ ਕਿਉਂ ਗਿਆ। ਉਹਨੂੰ ਇੰਨ-ਬਿੰਨ ਇੰਜ ਹੀ ਟਿਕੇ ਰਹਿਣਾ ਚਾਹੀਦਾ ਸੀ। ਮੈਂ ਉਸ ਦਾ ਪੂਰਾ ਪੂਰਾ ਸਤਿਕਾਰ ਤੇ ਸਨਮਾਨ ਕਰਦਾ। ਉਸ ਨੂੰ ਬਿਲਕੁਲ ਜਾਣਾ ਨਹੀਂ ਸੀ ਚਾਹੀਦਾ। ਇਸ ਮੁਲਾਕਾਤ ਤੋਂ ਪਾਤਸ਼ਾਹ ਦੀ ਪੂਰੀ ਤਸੱਲੀ ਹੋ ਗਈ ਤੇ ਉਸ ਨੂੰ ਪੂਰਾ ਪੂਰਾ ਅਹਿਸਾਸ ਹੋ ਗਿਆ ਕਿ ਸਿੰਘ ਦਬਾਇਆਂ ਕਦੀ ਨਹੀਂ ਦੱਬਣਗੇ, ਭਾਵੇਂ ਕਿੰਨੀ ਵੀ ਤਾਕਤ ਉਨ੍ਹਾਂ ਦੇ ਵਿਰੁਧ ਕਿਉਂ ਨਾ ਚਾੜ੍ਹ ਦਿਤੀ ਜਾਵੇ। ਜਿੰਨੀ ਵੀ ਉਨ੍ਹਾਂ ਉਤੇ ਸਖ਼ਤੀ ਹੋਵੇਗੀ ਓਨੀ ਹੀ ਤੁੰਦੀ (ਸਖ਼ਤੀ) ਨਾਲ ਉਹ ਉਭਰਨਗੇ ਤੇ ਵਖਤ ਪਾਉਣਗੇ। ਉਨ੍ਹਾਂ ਨਾਲ ਮੇਲ-ਜੋਲ ਵਧਾਉਣਾ ਹੀ ਠੀਕ ਹੈ। ਇਸ ਪਰ ਪਾਤਸ਼ਾਹ ਨੇ ਲਹਿਣਾ ਸਿੰਘ ਨੂੰ ਕਾਬਲੀ ਖ਼ੁਸ਼ਕ ਮੇਵੇ ਤੁਹਫ਼ੇ ਵਜੋਂ ਤੇ ਨਾਲ ਇਕ ਚਿੱਠੀ ਭੇਜੀ ਕਿ ਤੂੰ ਨਿਸਚਿੰਤ ਹੋ ਕੇ ਤੇ ਪੂਰੀ ਤਸੱਲੀ ਰਖ ਕੇ ਮੈਨੂੰ ਫ਼ੌਰਨ ਮਿਲ। ਮੈਂ ਵਾਇਦਾ ਕਰਦਾ ਹਾਂ ਕਿ ਤੈਨੂੰ ਲਾਹੌਰ ਦੀ ਸੂਬੇਦਾਰੀ ਦਿਆਂਗਾ। ਸ: ਲਹਿਣਾ ਸਿੰਘ ਨੇ ਮੌੜ ਪਿੰਡ ਦੇ ਰਹਿਮਤ ਉੱਲਾ ਬੇਗ ਦੇ ਰਾਹੀਂ ਪਾਤਸ਼ਾਹ ਨੂੰ ਜਵਾਬ ਭੇਜਿਆ ਕਿ ਤੁਹਾਡੀ ਮਿਹਰਬਾਨੀ ਮੰਗ ਕਰਦੀ ਹੈ ਕਿ ਮੈਂ ਸਿਰ-ਮੱਥੇ ਤੁਹਾਡੇ ਪਾਸ ਹਾਜ਼ਰ ਹੋਵਾਂ, ਪਰ ਖਾਲਸਾ ਜੀ ਮੈਨੂੰ ਐਸਾ ਕਰਨ ਦੀ ਆਗਿਆ ਨਹੀਂ ਦੇ ਸਕਦਾ। ਖਾਲਸਾ ਜੀ ਦੇ ਹੁਕਮ ਦੀ ਉਲੰਘਣਾ ਕਰਨ ਦੀ ਮੇਰੇ ਵਿਚ ਸਮ੍ਰਥਾ ਨਹੀਂ, ਮੇਰੀ ਮਜਬੂਰੀ ਸਮਝੀ ਜਾਵੇ। ਨਾਲ ਹੀ ਸ਼ਾਹ ਵਲੋਂ ਆਏ ਖੁਸ਼ਕ ਫਲਾਂ ਦੇ ਤੁਹਫ਼ੇ ਵੀ ਇਹ ਕਹਿ ਕੇ ਵਾਪਸ ਮੋੜ ਘਲਾਏ ਕਿ ਇਹ ਫਲ ਬਾਦਸ਼ਾਹਾਂ ਦੇ ਹੀ ਲਾਇਕ ਹਨ। ਆਪਣੇ ਵਲੋਂ ਸ਼ਾਹ ਨੂੰ ਕੁਝ ਪੰਡਾਂ ਵਿਚ ਮਕੱਈ ਦੀਆਂ ਸੁੱਕੀਆਂ ਛੱਲੀਆਂ, ਛੋਲੇ ਤੇ ਬਾਜਰਾ ਘਲਾ ਕੇ ਆਖ ਭੇਜਿਆ ਕਿ ਮੇਰੇ ਵਰਗੇ ਗਰੀਬ ਜੱਟ ਨੂੰ ਅਕਾਲ ਪੁਰਖ ਵਲੋਂ ਬਖਸ਼ਿਆ ਇਹ ਅਨਾਜ ਹੀ ਲਖਾਂ ਨਿਆਮਤਾਂ ਹੈ*।

ਸ: ਲਹਿਣਾ ਸਿੰਘ ਦੇ ਆ ਕੇ ਨਾ ਮਿਲਣ ਅਤੇ ਲਾਹੌਰ ਦੀ ਸੂਬੇਦਾਰੀ ਲੈਣ ਤੋਂ ਇਨਕਾਰ ਕਰਨ ਤੇ ਇਹ ਸੂਬੇਦਾਰੀ ਮੌਲਵੀ ਅਬਦੁੱਲਾ ਦੇ ਭਾਈ ਦਾਦਨ ਖਾਨ ਨੂੰ ਦੇ ਦਿਤੀ, ਤੇ ਰਹਿਮਤ ਖ਼ਾਨ ਰੁਹੀਲੇ ਨੂੰ 1500 ਸਵਾਰ ਤੇ ਪਿਆਦਾ ਫ਼ੌਜ ਦੇ ਕੇ ਲਾਹੌਰ ਦੀ ਹਿਫ਼ਾਜ਼ਤ ਲਈ ਉਸ ਨੂੰ ਹਾਕਮ ਲਾਹੌਰ ਦਾ ਨਾਇਬ ਮੁਕੱਰਰ ਕਰ ਦਿਤਾ†।

ੴ

---

*(ੳ) ਮੁਫ਼ਤੀ ਅਲੀਉੱਦੀਨ—ਇਬਰਤਨਾਮਾ, ਸਫ਼ਾ 240।

(ਅ) ਮੁਹੰਮਦ ਲਤੀਫ਼—ਹਿਸਟਰੀ ਆਫ਼ ਦੀ ਪੰਜਾਬ।

†ਸੋਹਨ ਲਾਲ—ਉਮਾਦਤ-ਤਵਾਰੀਖ, ਦਫ਼ਤਰ I, ਸਫ਼ਾ 165।

ਮੁਫ਼ਤੀ ਅਲੀਉੱਦੀਨ—ਇਬਰਤ ਨਾਮਾ, ਸਫ਼ਾ 279-80।

ਖੁਸ਼ਵਕਤ ਰਾਏ ਨੇ ਆਪਣੀ ਪਰਸਿਧ ਪੁਸਤਕ ਤਾਰੀਖ਼-ਏ-ਸਿਖਾਂ ਦੇ ਸਫ਼ਾ 81 ਉਤੇ ਨਾਇਬ ਦਾ ਨਾਉਂ ਰਹਿਮਤ ਖ਼ਾਨ ਰੁਹੀਲਾ ਦੀ ਥਾਂ ਦਾਵਰ ਖਾਨ ਲਿਖਿਆ ਹੈ।



www.AKJ.Org

# ਜਗਤ ਗੁਰੂ—ਗੁਰੂ ਨਾਨਕ

[ਵਲੋਂ—ਸ: ਰਾਮ ਸਿੰਘ ਜੀ, ਰੋਚੈਸਟਰ, ਕੈਂਟ, ਯੂ. ਕੇ.]

ਪਰਮਾਤਮਾ ਨੇ ਪੰਦਰ੍ਹਵੀਂ ਸਦੀ ਦੇ ਚੌਥੇ ਦਹਾਕੇ ਵਿਚ ਧਰਤੀ ਦੀ ਕੁਰਲਾਹਟ ਵਿਚੋਂ ਉਠੀ ਪੁਕਾਰ ਸੁਣੀ ਤੇ ਸਰਬ ਕਲਾ ਸਮਰੱਥ ਇਕ ਮਹਾਨ ਤੇ ਪੂਰਨ ਸਤਿ ਪੁਰਸ਼ ਨੂੰ ਆਪਣੀ ਪੂਰਨ ਜੋਤਿ ਨਾਲ ਪਰਜਵੱਲਤ ਕਰ ਕੇ, ਇਸ ਸੰਸਾਰ ਨੂੰ ਗਾਡੀ-ਰਾਹ ਵਿਖਾਉਣ ਲਈ, ਇਸ ਧਰਤੀ ਤੇ ਪ੍ਰਗਟ ਕੀਤਾ।

"ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗਿ ਮਾਹਿ ਪਠਾਇਆ ॥ [ਭਾਈ ਗੁਰਦਾਸ—੧,੨੩

ਇਸ ਪੂਰਨ ਸਤਿ ਪੁਰਸ਼ ਨੇ ਇਕ ਅਨੋਖੇ ਢੰਗ ਨਾਲ ਪਹਿਲੇ ਆਏ ਸਭ ਰਿਸ਼ੀਆਂ ਮੁਨੀਆਂ, ਪੀਰਾਂ ਪੈਗੰਬਰਾਂ ਤੇ ਅਵਤਾਰਾਂ ਦੇ ਅਧੂਰੇ ਕਾਰਜਾਂ ਨੂੰ ਨੇਪਰੇ ਚਾੜ੍ਹਨਾ ਸੀ, ਜਿਸ ਨੇ ਸੂਰਜ, ਬਿਜਲੀ ਆਦਿ ਦੀ ਰੌਸ਼ਨੀ ਤੋਂ ਭੀ ਨਾ ਦੂਰ ਹੋਣ ਵਾਲੀ ਧੁੰਦ, ਅਗਿਆਨਤਾ ਦੀ ਧੁੰਦ ਨੂੰ ਦੂਰ ਕਰਨਾ ਸੀ। ਜਿਸ ਬਾਰੇ ਕਿਸੇ ਅੰਗਰੇਜ਼ ਲਿਖਾਰੀ ਨੇ ਇਸ ਤਰ੍ਹਾਂ ਕਿਹਾ ਹੈ :—"ਗੁਰੂ ਨਾਨਕ ਨੇ ਉਹ ਗੱਲ ਸਮਝਾਈ ਜੋ ਦੂਜਿਆਂ ਨੇ ਨਹੀਂ ਸਮਝੀ ਸੀ।" ਭਾਈ ਗੁਰਦਾਸ ਜੀ ਇੰਜ ਆਖਦੇ ਹਨ :—

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ ॥... ...
ਗੁਰਮੁਖਿ ਕਲਿ ਵਿਚਿ ਪਰਗਟ ਹੋਆ ॥ [ਭਾਈ ਗੁਰਦਾਸ ਜੀ, ੧—੨੭

ਇਹ ਮਹਾਨ ਪੁਰਸ਼ ਸਾਰੀ ਲੋਕਾਈ ਦਾ ਪਿਆਰਾ ਤੇ ਸਾਂਝਾ, ਸਭ ਨੂੰ ਗਲੇ ਲਾਉਣ ਵਾਲਾ ਅਤੇ ਸਭ ਦੀ ਪਤਿ ਢਕਣ ਵਾਲਾ, ਮਹਾਨ ਸ਼ਕਤੀ ਦਾ ਮਾਲਕ ਗੁਰੂ ਨਾਨਕ ਨਿਰੰਕਾਰੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਸਿਰਫ਼ ਆਪਣੇ ਸਮੇਂ ਦੇ ਜੀਵਾਂ ਨੂੰ ਹੀ ਤਾਰਨ ਤੇ ਸਿੱਧੇ ਰਾਹੇ ਪਾਉਣ ਨਹੀਂ ਆਏ ਸਨ ਸਗੋਂ ਇਕ ਐਸੀ ਯੋਜਨਾ (Plan) ਲੈ ਕੇ ਆਏ ਸਨ ਜਿਸ ਨਾਲ ਕਿ ਉਹਨਾਂ ਨੇ ਹਰ ਆਉਣ ਵਾਲੇ ਸਮੇਂ ਵਿਚ ਭੁੱਲੇ-ਭਟਕੇ ਤੇ ਦੁਖਾਂ ਵਿਚ ਜਕੜੇ ਹੋਏ ਜੀਵਾਂ ਦਾ ਉਧਾਰ ਕਰਨ ਦਾ ਧੁਰਵਾ ਬੰਨ੍ਹ ਦੇਣਾ ਸੀ। ਇਹੋ ਹੀ ਕਾਰਨ ਹੈ ਕਿ ਮਹਾਨ ਗੁਰੂ ਜੀ ਦੀ ਵਡਿਆਈ ਜੁਗਾਂ ਜੁਗੰਤਰਾਂ ਲਈ ਦ੍ਰਿਸ਼ਟਮਾਨ ਰੂਪ ਵਿਚ ਪ੍ਰਗਟ-ਪਹਾਰੇ ਹੋ ਰਹੀ ਹੈ :—

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥
[ਸੋਰਠਿ ਮਹਲਾ ੫ ਪੰਨਾ ੬੧੧

(੧) ਇਸ ਯੋਜਨਾ ਦੀ ਪਹਿਲੀ ਪਉੜੀ ਸੀ 'ਉਦਾਸੀ ਦੀ ਰੀਤ', ਜਿਸ ਨਾਲ ਕਿ ਹਰ ਪਾਸੇ ਜਲਦੀ ਬਲਦੀ ਲੋਕਾਈ ਨੂੰ ਅਗਿਆਨਤਾ ਤੇ ਭਰਮ-ਜਾਲ ਵਿਚੋਂ ਕੱਢ ਕੇ, ਪ੍ਰਭੂ-ਪ੍ਰਮੇਸ਼ਰ ਨਾਲ ਮੇਲ ਕਰਾਉਣ ਲਈ ਸਹੀ ਗਾਡੀ ਰਾਹ ਤੇ ਪਾਉਣਾ ਸੀ। ਇਹ ਕਾਰਜ ਉਹਨਾਂ ਨੇ ਪ੍ਰਭੂ-ਪ੍ਰਮਾਤਮਾ ਦੇ ਗੁਣਾਂ ਨੂੰ ਦਰਸਾਉਣ ਲਈ ਬਾਣੀ ਦੇ ਵਡਮੁੱਲੇ ਬਚਨਾਂ ਰਾਹੀਂ ਨੇਪਰੇ ਚਾੜ੍ਹਿਆ। ਰਾਖਸ਼ਾਂ, ਠੱਗਾਂ, ਡਾਕੂਆਂ, ਭਰਮ-ਜਾਲ ਵਿਚ ਫਸੇ ਪੰਡਤਾਂ, ਸ਼ਰਈ ਮੁਲਾਂ-ਮੁਲਾਣਿਆਂ ਤੇ ਕਾਜ਼ੀਆਂ, ਨਾਟਕਾਂ-ਚੇਟਕਾਂ ਵਿਚ ਉਲਝੇ ਜੋਗੀਆਂ ਸਿਧਾਂ ਤੇ ਸਾਧਾਂ ਅਤੇ ਅਨਿਆਈਂ ਤੇ ਜ਼ਾਲਮ ਰਾਜਿਆਂ, ਚੌਧਰੀਆਂ, ਸਿਕਦਾਰਾਂ ਆਦਿ ਪਾਸ ਹਜ਼ਾਰਾਂ ਮੀਲ ਪੈਦਲ ਪੈਂਡਾ ਕਰ ਕੇ ਆਪ ਜੀ ਪੁਜੇ ਅਤੇ ਬਾਣੀ ਤੇ ਸ਼ਬਦ ਦੀ ਠੋਕਰ ਰਾਹੀਂ ਉਨ੍ਹਾਂ ਦੇ ਪਾਜ ਉਘੇੜੇ ਅਤੇ ਉਹਨਾਂ ਨੂੰ ਗੁਰਮੁਖਾਂ ਦੀ ਕਤਾਰ ਵਿਚ ਖੜੇ ਕਰ ਦਿਤਾ।

ਹੋਇਆ ਹੈ ਕਦੇ ਕੋਈ ? ਹੈ ਕੋਈ ਹੁਣ ? ਕੀ ਕੋਈ ਆਸ ਰੱਖੀ ਜਾ ਸਕਦੀ ਹੈ ਕਿ ਹੋਵੇਗਾ ਕੋਈ,



www.AKJ.Org

ਜੋ ੮੨,੦੦੦ ਮੀਲ ਦਾ ਪੈਂਡਾ ਪੈਦਲ ਕਰ ਕੇ, ਨਾ ਕਿ ਜਹਾਜ਼ਾਂ ਤੇ ਕਾਰਾਂ ਆਦਿ ਵਿਚ ਸੈਰ ਕਰਕੇ, ਇਸ ਤਰ੍ਹਾਂ ਦਾ ਕਾਰਜ ਸਿਰਫ਼ ਪਰਉਪਕਾਰ ਦੀ ਖ਼ਾਤਰ ਕਰ ਸਕੇ ?

ਖ਼ੈਰ ਇਹ "ਉਦਾਸੀ ਦੀ ਰੀਤ" ਸਿਖਾਂ ਲਈ ਇਕ ਇਸ਼ਾਰਾ ਸੀ ਕਿ ਗੁਰੂ ਸਾਹਿਬ ਜੀ ਦੇ ਉਪਦੇਸ਼ ਦੇਸ਼-ਦਿਸ਼ਾਂਤਰਾਂ ਵਿਚ ਫੈਲਾਉਣਾ ਹੈ, ਜਿਸ ਨੂੰ ਗੁਰੂ ਕੇ ਸਿਖ ਸਿਰ ਮੱਥੇ ਤੇ ਮੰਨ ਕੇ ਕਰ ਰਹੇ ਹਨ।

(੨) ਇਸ ਯੋਜਨਾ ਦੀ ਦੂਜੀ ਪਉੜੀ ਸੀ ਇਨਸਾਫ਼ ਦਿਵਾਉਣਾ। ਜ਼ੁਲਮ ਕਰਦੇ ਜਰਵਾਣਿਆਂ ਨੂੰ "ਰਾਜੇ ਸੀਹ ਮੁਕਦਮ ਕੁਤੇ" (੧੨੮੮) ਤੇ "ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰਿ ਉਡਰਿਆ" (੧੪੫) ਦੀਆਂ ਚਿਤਾਵਨੀਆਂ ਦੇ ਕੇ ਆਮ ਜਨਤਾ ਲਈ ਹਰ ਤਰ੍ਹਾਂ ਦਾ ਨਿਆਂ ਦਿਵਾਉਣਾ ਸੀ, ਤਾਂਕਿ ਹਰੇਕ ਪ੍ਰਾਣੀ ਆਪਣਾ ਆਪਣਾ ਕਾਰਜ ਬਿਨਾਂ ਕਿਸੇ ਰੋਕ ਟੋਕ ਦੇ ਕਰ ਸਕੇ ਤੇ ਸਾਂਝੀ ਉਨਤੀ ਦੇ ਭੰਡਾਰ ਵਿਚ ਆਪੋ ਆਪਣਾ ਢੁੱਕਵਾਂ ਹਿੱਸਾ ਪਾ ਸਕੇ।

"ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥" [ਸਾਰੰਗ ਕੀ ਵਾਰ, ਮਹਲਾ ੧, ਪੰਨਾ ੧੨੪੦ ਗੁਰਵਾਕ ਅਨੁਸਾਰ ਰਾਜਿਆਂ ਸਿਕਦਾਰਾਂ ਨੂੰ ਨਿਆਂ ਕਰਨ ਦੀ ਕਾਰੇ ਲਾਇਆ। ਹੈ ਕੋਈ ਨਿਗਾਹ ਵਿਚ ਐਸਾ ਵਿਅਕਤੀ, ਜਿਸ ਨੇ ਸ਼ਕਤੀ-ਸ਼ਾਲੀ ਰਾਜਿਆਂ ਮਹਾਰਾਜਿਆਂ ਆਦਿ ਨੂੰ ਇਸ ਤਰ੍ਹਾਂ ਸ਼ੀਂਹ ਕਸਾਈ ਕੁੱਤੇ ਆਦਿ ਪੁਕਾਰ ਕੇ ਲੋਕਾਂ ਲਈ ਨਿਆਂ ਲਿਆ ਹੋਵੇ ? ਕੀ ਅੱਜ ਕਲ੍ਹ ਦੇ ਅਖੌਤੀ ਗੁਰੂ ਇਹ ਹੀਆ ਕਰ ਸਕਦੇ ਹਨ ਕਿ ਆਪਣੇ ਵਿਸ਼ਾਲ ਦੇਸ਼ ਵਿਚ ਅਤੇ ਹੋਰਨਾਂ ਦੇਸ਼ਾਂ ਵਿਚ ਹੋ ਰਹੇ ਜ਼ੁਲਮ, ਅਨਰਥ, ਬੇਇਨਸਾਫ਼ੀ ਆਦਿ ਵਿਰੁਧ, ਉਨ੍ਹਾਂ ਜ਼ੁਲਮ ਕਰਨ ਵਾਲਿਆਂ ਦੇ ਸਨਮੁਖ ਹੋ ਕੇ ਕਹਿ ਸਕਦੇ ਹੋਣ ਕਿ ਤੁਸੀਂ ਜ਼ਾਲਮ ਹੋ, ਕੁੱਤਿਆਂ ਨਾਲੋਂ ਭੀ ਭੈੜੇ ਹੋ ਅਤੇ ਫਿਰ ਉਨ੍ਹਾਂ ਪਾਸੋਂ ਲੋਕਾਂ ਲਈ ਇਨਸਾਫ ਲੈ ਸਕਣ ? ਇਹ ਕਹਿ ਦੇਣਾ ਕਿ—"ਇਹ ਸਾਡਾ ਕੰਮ ਨਹੀਂ ਨਹੀਂ", ਕਿਤਨੀ ਬੁਜ਼ਦਿਲੀ ਤੇ ਹਾਸੋਹੀਣੀ ਗੱਲ ਹੈ ? ਕਿਉਂਕਿ ਜੇ ਅਸਲੀ ਸਤਿ ਪੁਰਸ਼ ਇਹ ਮਹਾਨ ਕੰਮ ਨਹੀਂ ਕਰਨਗੇ ਤਾਂ ਕੀ ਪੈਰ ਪੈਰ ਤੇ ਝੂਠ ਬੋਲਣ ਵਾਲੇ ਤੇ ਲੋਕਾਂ ਨੂੰ ਉਂਗਲਾਂ ਤੇ ਨਚਾਉਣ ਵਾਲੇ ਸਿਆਸੀ ਨੇਤਾ, ਸੱਚ ਤੇ ਧਰਮ ਦਾ ਇਹ ਕੰਮ ਕਰ ਸਕਣਗੇ ?

(੩) ਇਸ ਯੋਜਨਾ ਦੀ ਤੀਜੀ ਪਉੜੀ ਸੀ ਹੰਕਾਰੀਆਂ ਦੇ ਹੰਕਾਰ ਤੋੜਨਾ। ਆਪ ਨੇ ਨਾਮ-ਸ਼ਬਦ ਦੀ ਕਮਾਈ, ਭਾਵ ਭਗਤੀ ਨੂੰ ਅਡੋਲ ਤੇ ਨਿਰਭੈ ਸਥਿਤੀ ਵਿਚ ਕਮਾਉਣ ਲਈ, ਸ਼ਕਤੀ ਦਾ ਇਸ ਨਾਲ ਸੁਮੇਲ ਕਰਨ ਦਾ ਇਸ਼ਾਰਾ ਦਿੱਤਾ। ਜੇ ਵਲੀ ਕੰਧਾਰੀ ਨੇ ਭਗਤੀ ਵਿਚੋਂ ਉਪਜੀ ਹੰਕਾਰ ਸ਼ਕਤੀ ਗੁਰੂ ਸਾਹਿਬ ਜੀ ਨੂੰ ਦਿਖਾਉਣੀ ਚਾਹੀ ਤਾਂ ਗੁਰੂ ਜੀ ਨੇ ਵਲੀ ਵਲੋਂ ਹੇਠਾਂ ਨੂੰ ਰੋੜ੍ਹਿਆ ਪਹਾੜ ਹੱਥ ਤੇ ਰੋਕ ਕੇ ਸਿੱਖਾਂ ਪ੍ਰਤੀ ਇਹ ਇਸ਼ਾਰਾ ਕੀਤਾ ਕਿ ਜੇ ਕੋਈ ਜਾਬਰ ਜ਼ੁਲਮ ਦੀ ਹੱਦ ਟੱਪ ਹੀ ਜਾਏ ਤਾਂ ਉਸ ਨੂੰ ਵੰਗਾਰ ਕੇ ਐਸੀ ਸੁਮੱਤ ਦਿਓ ਕਿ ਉਹ ਸਿੱਧੇ ਰਾਹੇ ਪੈ ਜਾਏ। ਇਸ ਇਸ਼ਾਰੇ ਤੇ ਚਲਦਿਆਂ ਹੋਇਆਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਜਾਬਰਾਂ ਨੂੰ ਦਸ ਦਿਤਾ ਕਿ ਭਗਤੀ ਤੇ ਸ਼ਕਤੀ ਦੁਆਰਾ ਤਿਆਰ ਕੀਤੇ ਸੰਤ ਸਿਪਾਹੀ ਜ਼ੁਲਮ ਤੇ ਬੇਇਨਸਾਫੀ ਦੇ ਮੂੰਹ ਤੇ ਕਰਾਰਾ ਥੱਪੜ, ਠੀਕ ਸਮੇਂ ਸਿਰ ਲਗਾ ਸਕਦੇ ਹਨ। ਇਸ ਇਸ਼ਾਰੇ ਨੂੰ ਕਮਾਲ ਦੀ ਚੋਟੀ ਉਤੇ ਗੁਰੂ ਗੋਬਿੰਦ ਸਿੰਘ ਜੀ ਨੇ ਚੜ੍ਹਾ ਦਿੱਤਾ, ਜਦ ਕਿ ਦੇਸ਼ ਦੀ ਲੁੱਟੀ ਜਾ ਰਹੀ ਇੱਜ਼ਤ ਤੇ ਮਿੱਟੀ ਵਿਚ ਰੁਲ ਰਹੀ ਅਣਖ ਨੂੰ ਬਚਾਉਣ ਲਈ "ਸਵਾ ਲਾਖ ਸੇ ਏਕ ਲੜਾਊਂ" ਦੇ ਅਧਾਰ ਤੇ ਨਿਰਭੈ ਖਾਲਸਾ ਪੈਦਾ ਕਰ ਦਿੱਤਾ, ਜਿਸ ਨੇ ਕਿ ਗੁਰੂ ਸਾਹਿਬ ਦੇ ਹੁਕਮ ਅਨੁਸਾਰ—

ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥



www.AKJ.Org

ਇਸ ਹੁਕਮ ਤੇ ਹਰ ਸਮੇਂ ਫੁੱਲ ਚੜ੍ਹਾਏ ਤੇ ਚੜ੍ਹਾਉਂਦਾ ਜਾਵੇਗਾ।

(੪) ਇਸ ਯੋਜਨਾ ਦੀ ਚਉਥੀ ਪੌੜੀ ਦੀ ਨੀਂਹ ਗੁਰੂ ਸਾਹਿਬ ਜੀ ਨੇ ਰਾਵੀ ਦੇ ਕੰਢੇ ਕਰਤਾਰ ਪੁਰ ਵਿਖੇ ਆਪਣੇ ਹੱਥੀਂ ਰਖੀ, ਜਦ ਕਿ ਖੇਤੀ ਕਰ ਕੇ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਤੇ ਪਰਾਏ ਹੱਕ ਵਲ ਨਿਗਾਹ ਤਕ ਭੀ ਨਾ ਮਾਰਨ ਦਾ ਇਸ਼ਾਰਾ ਕੀਤਾ।

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥ (ਸਲੋਕ ਮ: ੧, ਪੰਨਾ ੧੨੪੫)

ਇਹ ਅਸਰ ਜਰਵਾਣਿਆਂ (ਮਲਕ ਭਾਗੋ ਆਦਿ) ਨੇ ਤਾਂ ਕਬੂਲਿਆ ਹੀ ਸੀ, ਪਰ ਗੁਰੂ ਕੇ ਸਿੱਖਾਂ ਨੇ ਇਸ ਇਸ਼ਾਰੇ ਤੇ ਐਸੇ ਫੁੱਲ ਚੜ੍ਹਾਏ ਕਿ ਆਪਣੇ ਦਸਾਂ ਨਹੁੰਆਂ ਦੀ ਸੱਚੀ ਸੁੱਚੀ ਕਿਰਤ ਵਿਚੋਂ ਵੰਡ ਛਕਣ ਲਈ ਦਸਵੰਧ ਰਾਹੀਂ ਗੁਰੂ ਕੇ ਲੰਗਰ ਲੋੜਵੰਦਾਂ ਲਈ ਥਾਂ ਥਾਂ ਚਲਾ ਦਿੱਤੇ, ਜਿਸ ਦੀ ਰੀਸੇ ਅੱਜ ਕਈ ਥਾਂ ਖੁੰਬਾਂ ਵਾਂਗੂ ਪੈਦਾ ਹੋ ਰਹੇ ਹੋਰ ਮੱਤ ਭੀ ਕਰ ਰਹੇ ਹਨ। ਖੈਰ ਧਰਮ ਦੀ ਕਿਰਤ ਨੇ ਸਿੱਖਾਂ ਨੂੰ ਦੁਨੀਆ ਵਿਚ ਇਕ ਸਿਰਕੱਢ ਕੌਮ ਬਣਾ ਦਿੱਤਾ, ਜਿਸ ਦੇ ਲਈ ਹੋਰ ਤਾਂ ਹੋਰ, ਸਾਡੀ ਕੌਮੀ ਸਰਕਾਰ ਭੀ ਈਰਖਾ ਕਰਦੀ ਹੈ। ਸਰਕਾਰ ਨੂੰ ਅਜਿਹੀ ਕੌਮ ਦੀ ਸਗੋਂ ਹੌਸਲਾ-ਅਫ਼ਜ਼ਾਈ ਕਰਨੀ ਚਾਹੀਦੀ ਹੈ ਤੇ ਅਹਿਸਾਨ-ਮੰਦ ਹੋਣਾ ਚਾਹੀਦਾ ਹੈ ਕਿ ਗੁਰੂ ਜੀ ਦੀ ਬਖਸ਼ੀ ਹਿੰਮਤ ਰਾਹੀਂ ਇਕੱਲਾ ਪੰਜਾਬ ਦਸਾਂ ਨਹੁੰਆਂ ਦੀ ਕਿਰਤ ਰਾਹੀਂ ਸਾਰੇ ਭਾਰਤ ਦੀ ਖੁਰਾਕ ਪੈਦਾ ਕਰ ਸਕਦਾ ਹੈ।

(੫ ਇਸ ਯੋਜਨਾ ਦੀ ਪੰਜਵੀਂ ਪਉੜੀ ਰਾਹੀਂ ਗੁਰੂ ਸਾਹਿਬ ਜੀ ਨੇ ਸਾਰੀ ਮਾਨਵਤਾ ਨੂੰ ਇਕ ਪੱਧਰ ਤੇ ਲਿਆਉਣ ਦਾ ਇਸ਼ਾਰਾ ਬਖਸ਼ਿਆ। ਜਿਸ ਦੁਆਰਾ ਸਭ ਜ਼ਾਤਾਂ, ਪਾਤਾਂ, ਊਚ ਤੇ ਨੀਚ ਦੇ ਢਕੌਂਸਲੇ ਖਤਮ ਕਰਕੇ "ਏਕੁ ਪਿਤਾ ਏਕਸ ਕੇ ਹਮ ਬਾਰਿਕ" (੬੧੧) ਦੀ ਐਸੀ ਮੁਹਾਰਨੀ ਨੌਂ ਜਾਮਿਆਂ ਵਿਚ ਪੜ੍ਹਾਈ ਕਿ ਦਸਵੇਂ ਜਾਮੇ ਵਿਚ ਇਸ ਨੂੰ ਅਮਲੀ ਰੂਪ ਦੇ ਦਿਤਾ। ਅੰਮ੍ਰਿਤ ਦੇ ਬਾਟੇ ਦੀ ਸਾਂਝ ਨੇ ਇਕ ਉਹ ਰਹਿਮ-ਦਿਲ, ਨਿਡਰ ਤੇ ਆਪਾ-ਵਾਰੂ ਕੌਮ "ਖਾਲਸਾ ਅਕਾਲ ਪੁਰਖ ਕੀ ਫੌਜ" ਦੇ ਰੂਪ ਵਿਚ ਪਰਗਟ ਕਰ ਦਿਤੀ, ਜਿਸ ਨੇ ਅੰਮ੍ਰਿਤ ਦੇ ਬਾਟੇ ਦੇ ਸਾਂਝੀ ਇਕ ਇਕ ਭਰਾ-ਭੈਣ ਦੀ ਜਾਨ ਬਚਾਉਣ ਦੀ ਖ਼ਾਤਰ ਦਸ ਦਸ ਜਾਨਾਂ ਵਾਰ ਦਿੱਤੀਆਂ। ਇਹ ਸੀ ਪਿਆਰ, ਜੋ ਜ਼ਾਤ-ਪਾਤ ਦੇ ਝਮੇਲਿਆਂ ਵਿਚੋਂ ਨਿਕਲੇ ਖਾਲਸਾ ਪੰਥ ਵਿਚ ਭਰਿਆ ਗਿਆ। ਪਰ ਅਫਸੋਸ ਹੈ ਅੱਜ ਉਨ੍ਹਾਂ ਤੇ, ਜੋ ਬਿਨਾਂ ਗੁਰੂ ਜੀ ਦੇ ਅੰਮ੍ਰਿਤ ਛਕੇ ਤੋਂ ਇਸ ਪਦਵੀ ਦੇ ਮਾਲਕ ਬਣਨਾ ਚਾਹੁੰਦੇ ਹਨ। ਅੰਮ੍ਰਿਤ ਛਕੇ ਤੋਂ ਬਿਨਾਂ ਤਾਂ ਆਪਣੇ ਆਪ ਹੀ ਉਹਨਾਂ ਜ਼ਾਤਾਂ ਪਾਤਾਂ ਦੀ ਕੈਦ ਵਿਚ ਜਕੜੇ ਰਹਿਣਾ ਹੈ ਜੋ ਕਿ ਗੁਰੂ ਜੀ ਨੂੰ ਮਨਜ਼ੂਰ ਨਹੀਂ। ਇਹਨਾਂ ਜ਼ਾਤਾਂ ਪਾਤਾਂ ਵਿਚ ਅਤੇ ਹੋਰ ਰੋਗਾਂ ਵਿਚ ਫਸਿਆ ਹੋਇਆ ਸਾਰਾ ਜਗਤ, "ਸੰਸਾਰੁ ਰੋਗੀ ਨਾਮੁ ਦਾਰੂ" (੬੮੭) ਦੇ ਮਹਾਂ ਗੁਰਵਾਕ ਅਨੁਸਾਰ ਰੋਗੀ ਹੋ ਰਿਹਾ ਹੈ, ਜਿਸ ਦਾ ਦਾਰੂ ਕੇਵਲ ਨਾਮ-ਅੰਮ੍ਰਿਤ ਹੈ।

ਇਹ ਪਉੜੀ ਸਿੱਖ ਇਤਿਹਾਸ ਵਿਚ ਖਾਸ ਮਹੱਤਤਾ ਰਖਦੀ ਹੈ, ਕਿਉਂਕਿ ਇਸੇ ਇਸ਼ਾਰੇ ਨੂੰ ਹਰ ਜਾਮੇ ਨੇ ਅਮਲੀ ਰੂਪ ਦਿੰਦਿਆਂ ਹਰੇਕ ਉੱਚੇ ਨੀਵੇਂ ਅਮੀਰ ਗਰੀਬ ਨੂੰ ਸਮੇਂ ਸਮੇਂ ਸਿੱਖਿਆ ਦੇ ਕੇ ਗਿੱਦੜੋਂ ਸ਼ੇਰ ਬਣਾ ਦਿੱਤਾ ਤੇ ਭਿੰਨ ਭਿੰਨ ਮਣਕਿਆਂ ਨੂੰ ਇਕ ਵਡਮੁੱਲੀ ਮਾਲਾ ਵਿਚ ਪ੍ਰੋ ਦਿੱਤਾ, ਜਿਸ ਦੀ ਇਕ ਅਨੂਠੀ ਤੇ ਰੂਹਾਨੀ ਚਮਕ ਦਮਕ ਸੀ। ਪਰ ਅਫ਼ਸੋਸ, ਉਸ ਮਾਲਾ ਦੇ ਕੀਮਤੀ ਮਣਕਿਆਂ ਨੂੰ ਅੱਜ ਫਿਰ ਰਾਮਗੜ੍ਹੀਆ, ਭਾਟੜਾ, ਜੱਟ, ਨਾਈ, ਛੀਂਬੇ, ਚਮਾਰ, ਕੁਮ੍ਹਾਰ ਆਦਿ ਦੇ ਲੇਬਲਾਂ ਦੇ ਨਾਲ ਸੰਬੋਧਨ ਕਰਨਾ ਕਰਵਾਉਣਾ ਸ਼ੁਰੂ ਕਰ ਦਿੱਤਾ ਗਿਆ ਹੈ, ਜਿਨ੍ਹਾਂ ਲੇਬਲਾਂ ਨੂੰ ਕਿ ਪਿਆਰ ਨਾਲ, ਮਹਾਨ ਗੁਰੂ ਸਾਹਿਬਾਨ ਨੇ ਦੂਰ ਕਰ ਦਿੱਤਾ ਸੀ। ਭਾਂਤੋ ਭਾਂਤ ਇਹਨਾਂ ਲੇਬਲਾਂ ਦੇ ਗੁਰਦੁਆਰੇ, ਭਵਨ, ਬੋਰਡ, ਐਸੋਸੀਏਸ਼ਨਾਂ ਆਦਿ ਬਣਾ ਕੇ ਮਾਲਾ ਦੇ ਵਡ-ਮੁੱਲੇ ਮਣਕਿਆਂ ਨੂੰ ਸਵਾਰਥੀ ਆਗੂ ਪ੍ਰਧਾਨਗੀਆਂ ਆਦਿ ਦੀਆਂ ਪ੍ਰਾਪਤੀਆਂ ਦੇ ਲਾਲਚ ਅੱਗੇ ਠੁੱਡਿਆਂ ਨਾਲ ਰੁੜ੍ਹਾਈ ਫਿਰਦੇ ਹਨ, ਜਦ ਕਿ ਉਹਨਾਂ ਨੇ ਗੁਰੂ ਸਾਹਿਬ



www.AKJ.Org

ਜੀ ਦੀ ਮਹਾਨ ਸਿੱਖਿਆ ਰਾਹੀਂ ਵਿਖਰਦੇ ਜਾਂਦੇ ਮਣਕਿਆਂ ਨੂੰ —

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥ [ਸਿਰੀਰਾਗੁ ਮ: ੧, ਪੰਨਾ ੧੭]

ਗੁਰਵਾਕ ਰਾਹੀਂ ਇਹ ਦੱਸਣਾ ਸੀ ਕਿ ਇਹ ਜ਼ਾਤੀ-ਵੰਡੀਆਂ ਆਦਿ ਛੱਡੋ ਅਤੇ ਇਕ ਦੂਜੇ ਨੂੰ ਗਲਵਕੜੀ ਪਾ ਕੇ "ਇਕੈ ਕਉ ਨਾਹੀ ਭਉ ਕੋਇ" (੭੯੬) ਦੇ ਅਧਾਰ ਤੇ ਸ਼ੇਰ ਖਾਲਸਾ ਦੇ ਰੂਪ ਵਿਚ ਗੱਜੋ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਪ੍ਰਮਾਤਮਾ ਦੀ ਗੋਦ ਦਾ ਨਿੱਘ ਮਾਣੋ। ਅੱਜ ਇਹ ਕੀਮਤੀ ਮਣਕੇ ਥਾਂ ਥਾਂ ਡਿੱਗੇ ਹੋਏ ਕੋਡਾਂ ਵਾਂਗੂ ਰੁਲ ਰਹੇ ਹਨ। ਭਾਵੇਂ ਸੂਖਸ਼ਮ ਅਹੰਕਾਰ ਥੱਲੇ ਦੱਬੇ ਹੋਏ ਇਹ ਸੋਚਣ ਕਿ "ਅਸੀਂ ਮਨ-ਮਰਜ਼ੀ ਤੇ ਆਜ਼ਾਦੀ ਰਾਹੀਂ ਜੋ ਮਰਜ਼ੀ ਕਰ ਰਹੇ ਹਾਂ ਤੇ ਕਰ ਸਕਦੇ ਹਾਂ ਆਦਿ", ਪਰ ਇਸ ਮਨ-ਮਰਜ਼ੀ ਨੇ, ਭਾਵ ਮਨਮਤਿ ਨੇ ਗੁਰੂ ਜੀ ਦੇ ਇਸ ਮਹਾਨ ਹੁਕਮ "ਏਕੁ ਪਿਤਾ ਏਕਸ ਕੇ ਹਮ ਬਾਰਿਕ" (੬੧੧) ਰਾਹੀਂ ਮਿਲੀ ਏਕਤਾ ਨੂੰ ਭੰਗ ਕਰਕੇ, ਸੰਵਾਰਨ ਦੀ ਥਾਂ ਬੜਾ ਨੁਕਸਾਨ ਪਹੁੰਚਾਇਆ ਹੈ। ਸਿੱਟਾ ਇਹ ਹੋਇਆ ਹੈ ਕਿ ਥਾਂ ਥਾਂ ਖੁੰਬਾਂ ਵਾਂਗੂ ਦੇਹ-ਧਾਰੀ ਗੁਰੂਆਂ ਦੇ ਡੇਰੇ ਤੇ ਭਵਨ ਉਸਰ ਗਏ ਹਨ, ਜੋ ਭੋਲੇ ਭਾਲੇ ਲੋਕਾਂ ਨੂੰ ਮੁੜ ਉਸੇ ਧੁੰਦ-ਪਸਾਰੇ ਵਿਚ ਧਕੇਲੀ ਜਾਂਦੇ ਹਨ।

ਕੀ ਇਹ ਮਹਾਨ ਗੁਰੂ, ਸਤਿਗੁਰੂ ਨਾਨਕ ਸਾਹਿਬ ਤੇ ਉਸ ਦੇ ਉਤਰ-ਅਧਿਕਾਰੀ ਗੁਰੂ ਸਾਹਿਬਾਨ ਦੀਆਂ ਨਿਸ਼ਕਾਮ ਕੁਰਬਾਨੀਆਂ ਦਾ ਅਹਿਸਾਨ ਹੈ? ਅਜੇ ਜਾਗਣ ਦਾ ਸਮਾਂ ਹੈ ਤੇ ਇਸ ਜਾਗਣ ਦਾ ਉੱਦਮ ਜੇ ਗੁਰੂ ਜੀ ਦੇ ਪ੍ਰਕਾਸ਼-ਦਿਹਾੜੇ ਤੇ ਕੀਤਾ ਜਾਵੇ ਤਾਂ ਡੁਲ੍ਹਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ।

(੬) ਇਸ ਮਹਾਨ ਯੋਜਨਾਂ ਦੀ ਜ਼ਰੂਰੀ ਪਉੜੀ ਹੈ ਰੱਬੀ ਬਾਣੀ। ਗੁਰੂ ਸਾਹਿਬ ਜੀ ਨੇ "ਰੱਬੀ ਬਾਣੀ" ਇਤਨੀ ਸਰਲ ਤੇ ਆਸਾਨ, ਆਮ ਲੋਕਾਂ ਦੇ ਸਮਝ ਸਕਣ ਲਈ ਉਚਾਰੀ ਤੇ ਲਿਖੀ ਹੈ ਕਿ ਜਿਸ ਦੁਆਰਾ ਆਮ ਲੋਕੀ ਰੱਬ ਜੀ ਨੂੰ ਸਮਝਣ, ਉਸ ਨਾਲ ਗੱਲਾਂ ਕਰਨ ਅਤੇ ਪ੍ਰੇਮ ਦੀਆਂ ਖੇਡਾਂ ਖੇਡਣ ਲਈ ਉਤਾਵਲੇ ਹੋ ਉਠਦੇ ਹਨ। ਅਜ ਤਕ 'ਰੱਬੀ-ਬਾਣੀ ਯਾ ਬੋਲੀ' ਆਮ ਲੋਕਾਂ ਦੀ ਸਮਝ ਤੋਂ ਲੱਖਾਂ ਕੋਹਾਂ ਦੂਰ ਸੀ, ਪਰ ਗੁਰੂ ਜੀ ਨੇ ਇਨ੍ਹਾਂ ਦੁਰਕਾਰੇ, ਧੱਕੇ ਹੋਏ ਤੇ ਰੱਬ ਜੀ ਨਾਲ ਗੱਲਾਂ ਕਰਨ ਤੋਂ ਵਾਂਝੇ ਹੋਏ, ਲੋਕਾਂ ਨੂੰ ਆਪਣੇ ਗਲੇ ਲਗਾਇਆ ਤੇ ਉਨ੍ਹਾਂ ਦੀਆਂ ਆਪਸ ਵਿਚ ਗਲਵਕੜੀਆਂ ਪੁਆ ਦਿੱਤੀਆਂ। ਗੁਰੂ ਜੀ ਨੇ ਇਸ ਆਮ ਸਮਝ ਆਉਣ ਵਾਲੀ ਰੱਬੀ ਬਾਣੀ ਦੇ ਉੱਤਮ ਭਾਵ "ਸਬਦੁ ਗੁਰੂ ਸੁਰਤਿ ਧੁਨਿ ਚੇਲਾ"(੯੪੩) ਰਾਹੀਂ ਸੰਸਾਰ ਦੇ ਇਤਿਹਾਸ ਵਿਚ ਨਾ ਮਿਲਣ ਵਾਲਾ ਇਕ ਨਵਾਂ ਇਸ਼ਾਰਾ ਕੀਤਾ, ਜਿਸਨੂੰ ਪੰਜਵੀਂ ਪਾਤਸ਼ਾਹੀ ਨੇ ਇਕ ਖ਼ਾਸ ਸਮੇਂ ਤੇ ਪੁਜ ਕੇ 'ਗਿਆਨ' ਨੂੰ ਗੁਰਤਾ ਦੀ ਗੱਦੀ ਦੇਣ ਲਈ ਬਾਣੀ ਦਾ ਬੋਹਿਥ ਰਚ ਦਿਤਾ ਅਤੇ 'ਆਦਿ ਬੀੜ' ਦੇ ਰੂਪ ਵਿਚ ਪਰਗਟ ਕਰ ਦਿੱਤਾ। ਸਮਾਂ ਆਉਣ ਤੇ ਅਕਾਲ ਪੁਰਖ ਦੀ ਆਗਿਆ ਦੁਆਰਾ ਖਾਲਸਾ ਜੀ ਨੂੰ ਸਵਾਰਥੀ ਅਖੌਤੀ ਗੁਰੂਆਂ ਦੇ ਜਾਲ ਵਿਚ ਫਸਣ ਤੋਂ ਬਚਾਉਣ ਲਈ, ਦਸਵੇਂ ਜਾਮੇ ਵਿਚ ਬਾਣੀ ਦੇ ਬੋਹਿਥ ਨੂੰ ਗੁਰਤਾ ਦੀ ਪਦਵੀ ਦੇ ਕੇ "ਸ੍ਰੀ ਗੁਰੂ ਗ੍ਰੰਥ ਜੀ" ਜੁਗੋ ਜੁਗ ਅਟੱਲ ਸਤਿਗੁਰੂ ਥਾਪ ਦਿੱਤੇ ਗਏ।

ਗਿਆਨੁ ਗੁਰੂ ਆਤਮ ਉਪਦੇਸਹੁ ਨਾਮੁ ਬਿਭੂਤ ਲਗਾਓ ॥ (ਰਾਮਕਲੀ ਪਾਤਸ਼ਾਹੀ ੧੦)

ਸੋ ਅੱਜ ਗੁਰੂ ਸਾਹਿਬ ਜੀ ਦੇ ਪ੍ਰਕਾਸ਼-ਦਿਹਾੜੇ ਤੇ ਸਿੱਖ ਕੌਮ ਨੂੰ ਸਾਰੇ ਭਾਰਤ ਅਤੇ ਸਾਰੀ ਮਾਨਵਤਾ ਨੂੰ ਇਹ ਸੰਦੇਸ਼ ਦੇਣ ਦੀ ਲੋੜ ਹੈ ਕਿ ਗੁਰੂ ਸਾਹਿਬ ਜੀ ਦੇ ਸੁਚੱਜੇ ਤੇ ਗਿਆਨ ਭਰਪੂਰ ਗੁਰਬਾਣੀ ਦੇ ਹੁਕਮਾਂ ਤੇ ਚਲ ਕੇ ਹੀ ਸਾਰੀ ਲੋਕਾਈ ਨੂੰ ਅਸਲੀ ਸ਼ਾਂਤੀ ਪ੍ਰਾਪਤ ਹੋ ਸਕਦੀ ਹੈ। ਕੀ ਗੁਰੂ ਸਾਹਿਬ ਜੀ ਦਾ ਆਗਮਨ-ਦਿਹਾੜਾ ਮਨਾਉਣਾ, ਅਸਾਂ ਨੇ ਇਕ ਰੀਤ ਹੀ ਬਣਾਈ ਰਖਣੀ ਹੈ ਜਾਂ ਕਿ ਉਹਨਾਂ ਦੀ ਮਹਾਨ ਉਤਮ ਬਾਣੀ ਤੋਂ ਮਿਲਦੀ ਸਿਖਿਆ ਨੂੰ ਅਮਲੀ ਜਾਮਾ ਦੇ ਕੇ, ਸਹੀ ਅਰਥਾਂ ਵਿਚ ਸਿੱਖੀ ਨੂੰ ਧਾਰਨ ਕਰਨਾ ਹੈ?



www.AKJ.Org

# ਪਰ ਨਾਰੀ ਧੀ ਭੈਣ ਵਖਾਣੈ

[ਵਲੋਂ—ਗਿਆਨੀ ਹਰੀ ਸਿੰਘ ਜੀ, ਲਲਤੋਂ ਕਲਾਂ]

ਸਾਇੰਸਦਾਨਾਂ ਨੂੰ ਏਸ ਗੱਲ ਦਾ ਮਾਣ ਹੈ ਕਿ ਉਹਨਾਂ ਨੇ ਮਨੁੱਖੀ ਜੀਵਨ ਦੇ ਅਨੇਕਾਂ ਦੁਖ ਆਪਣੀਆਂ ਲਾਭਦਾਇਕ ਕਾਢਾਂ ਨਾਲ ਦੂਰ ਕੀਤੇ ਹਨ। ਇਸ ਵਿਚ ਕੋਈ ਸ਼ਕ ਵੀ ਨਹੀਂ। ਦੂਜੇ ਪਾਸੇ ਅਜਿਹੇ ਸਾਇੰਸ-ਦਾਨ ਵੀ ਹਨ ਜਿਨ੍ਹਾਂ ਨੇ ਸਾਇੰਸ ਰਾਹੀਂ ਮਾਰੂ ਹਥਿਆਰ ਬਣਾ ਕੇ ਜ਼ਿੰਦਗੀ ਨੂੰ ਨੁਕਸਾਨ ਪਹੁੰਚਾਇਆ ਹੈ। ਇਹ ਕਲੰਕ ਉਹਨਾਂ ਦੇ ਮੱਥੇ ਤੋਂ ਕਿਵੇਂ ਲੁਕ ਸਕਦਾ ਹੈ ? ਕੁਦਰਤ ਜ਼ਿੰਦਗੀ ਨੂੰ ਵਿਕਾਸ ਵਿਚ ਲਿਆ ਰਹੀ ਹੈ ਤੇ ਅਜਿਹੇ ਸਾਇੰਸਦਾਨ ਬੇਰਹਿਮੀ ਨਾਲ ਨਾਸ ਕਰ ਰਹੇ ਹਨ, ਜੋ ਸਿਰਜਨਹਾਰ ਦੀ ਇੱਛਾ ਦੇ ਵਿਰੁਧ ਹੈ।

ਦੂਜੇ ਪਾਸੇ ਜਦ ਅਸੀ ਦੇਖਦੇ ਹਾਂ, ਤਾਂ ਸਾਨੂੰ ਸਾਫ਼ ਨਜ਼ਰ ਆ ਜਾਂਦਾ ਹੈ ਕਿ ਗੁਰੂ ਸਾਹਿਬਾਨ ਸਿਰਜਨ-ਹਾਰ ਦੀ ਇੱਛਾ ਅਗੇ ਕੋਈ ਰੋਕ ਨਹੀਂ ਪਾਉਂਦੇ ਸਨ। ਇਸੇ ਕਰਕੇ ਹੀ ਸੰਨਿਆਸੀਆਂ, ਜੋਗੀਆਂ, ਸਾਧੂਆਂ ਵਾਂਗ ਉਨ੍ਹਾਂ ਗ੍ਰਿਹਸਤ ਵਲੋਂ ਮੂੰਹ ਨਹੀਂ ਮੋੜਿਆ, ਸਗੋਂ ਏਸ ਨੂੰ ਸਤਕਾਰਿਆ ਹੈ। ਗੁਰੂ ਸਾਹਿਬਾਨ ਨੇ ਜਿਥੇ ਭਗਤੀ ਨੂੰ ਪਵਿਤਰ ਜਾਣਿਆ, ਉਥੇ ਗ੍ਰਿਹਸਤ ਨੂੰ ਵੀ ਪਵਿਤਰ ਜਾਣਿਆ। ਇਹ ਈਸ਼ਵਰ ਦੀ ਦੇਣ ਹੈ। ਈਸ਼ਵਰ ਦੀ ਇੱਛਾ ਦੇ ਭਾਣੇ ਨੂੰ ਮੰਨਣ ਵਿਚ ਗੁਰੂ ਸਾਹਿਬਾਨ ਦੀ ਹੱਦ ਦਰਜੇ ਦੀ ਵਫ਼ਾਦਾਰੀ ਸੀ।

ਅਰਥ ਵਿਗਿਆਨੀਆਂ ਦਾ ਭਰੋਸਾ ਹੈ ਕਿ ਇਸ ਮਨੁੱਖੀ ਜੀਵਨ ਦੇ ਦੁਖਾਂ ਦਾ ਛੁਟਕਾਰਾ ਜ਼ਮੀਨ ਤੇ ਕਾਰਖ਼ਾਨਿਆਂ ਦੀ ਉਪਜ ਤੇ ਇਸ ਦੀ ਯੋਗ ਵੰਡ ਹੀ ਕਰ ਸਕਦੀ ਹੈ। ਪਰ ਆਰਥਕ ਤਕਲੀਫ਼ਾਂ ਤੋਂ ਮੁਕਤ ਇਨਸਾਨ ਜ਼ਰੂਰੀ ਨਹੀਂ ਕਿ ਸੰਤੁਸ਼ਟ ਹੋਵੇ। ਇਹ ਘੋੜੇ ਤੇ ਚੜ੍ਹਿਆ, ਰਥਾਂ ਦੀ ਸਵਾਰੀ ਕੀਤੀ, ਫੇਰ ਸਾਈਕਲ ਇਹਦੀ ਸੇਵਾ ਲਈ ਆਇਆ, ਕਾਰਾਂ ਨੇ ਝੂਟੇ ਦਿਤੇ, ਹਵਾਈ ਜਹਾਜ਼ ਨੇ ਹਵਾ ਦੀ ਸੈਰ ਕਰਾਈ, ਫੇਰ ਰਾਕਟ ਨੇ ਅਸਮਾਨ ਫੋਲੇ। ਪਰ ਹੁਣ ਇਨਸਾਨ ਇਸ ਤੋਂ ਵੀ ਅਗਲੀ ਕਾਢ ਲੋੜਦਾ ਹੈ। ਬ੍ਰਹਿਮੰਡਾਂ ਵਿਚ ਘੁੰਮਣ ਨਾਲ ਵੀ ਇਹ ਨਾ ਰੱਜੇਗਾ। ਇਹ ਰੱਜ ਕਿਥੋਂ ਲਭਦਾ ਹੈ—

ਬਿਨਾ ਸੰਤੋਖ ਨਹੀ ਕੋਊ ਰਾਜੈ ॥੫॥੨੨॥ (੨੭੯)

ਵਿਦਵਾਨਾਂ ਦਾ ਵਿਚਾਰ ਹੈ ਕਿ ਮਨੁੱਖ ਦਾ ਪਾਰ-ਉਤਾਰਾ ਵਿਦਿਆ ਹੀ ਕਰ ਸਕਦੀ ਹੈ। ਪਰ ਏਸ ਉਤੇ ਸਿਆਸਤ ਦਾ ਪਰਛਾਵਾਂ ਤਣਿਆ ਹੋਇਆ ਹੈ। ਇਹ ਸੁਤੰਤਰ ਜਾਂ ਨਿਰੋਲ ਨਹੀਂ। ਸਾਹਿਤਕਾਰਾਂ ਦਾ ਖਿਆਲ ਹੈ ਕਿ ਇਨਸਾਨ ਨੂੰ ਰਸਤਾ ਤਾਂ ਸਾਹਿਤ ਨੇ ਹੀ ਦਿਖਾਉਣਾ ਹੈ। ਪਰ ਅਫਸੋਸ ! ਕਿ ਅੱਜ ਦਾ ਸਾਹਿਤ ਜਿਣਸੀਅਤ ਨਾਲ ਗੱਚ ਹੁੰਦਾ ਜਾ ਰਿਹਾ ਹੈ।

ਮੈਕਡੂਗਲ ਕਹਿੰਦਾ ਹੈ ਕਿ ਮਨੁੱਖ ਦਾ ਹਰ ਕੰਮ ਚੌਦਾਂ ਮੁਖ ਰੁਚੀਆਂ ਵਿਚੋਂ ਕਿਸੇ ਦੇ ਅਧੀਨ ਹੋ ਕੇ ਹੁੰਦਾ ਹੈ। ਪਰ ਰੁਚੀਆਂ ਤਾਂ ਇਸ ਤੋਂ ਵੀ ਬਹੁਤੀਆਂ ਹਨ। ਇਹਨਾਂ ਵਿਚੋਂ ਪੰਜ ਸਿਰਕੱਢ ਹਾਨੀਕਾਰਕ ਰੁਚੀਆਂ ਹਨ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਜਿਨ੍ਹਾਂ ਦਾ ਜ਼ਿਕਰ ਗੁਰੂ ਸਾਹਿਬਾਨ ਦੀ ਬਾਣੀ ਵਿਚ ਬਾਰ ਬਾਰ ਆਉਂਦਾ ਹੈ। ਇਹਨਾਂ ਵਿਚੋਂ ਕਾਮ ਦਾ ਨਾਮ ਸਭ ਤੋਂ ਅੱਗੇ ਹੈ। ਜਿਥੇ ਇਹ ਗ੍ਰਿਹਸਤ ਚਲਾਉਂਦਾ ਹੈ, ਉਥੇ ਇਸ ਦੀ ਅਯੋਗ ਵਰਤੋਂ ਇਨਸਾਨੀ ਜੀਵਨ ਲਈ ਸਖ਼ਤ ਖ਼ਤਰਨਾਕ ਵੀ ਹੈ। ਬੇ-ਗਿਣਤ ਜਾਨਾਂ ਇਸ ਦੀ ਭੇਟ ਹੋਈਆਂ, ਅਨੇਕਾਂ ਘਰਾਣੇ ਬਰਬਾਦ ਹੋ ਕੇ ਮਿੱਟੀ ਵਿਚ ਮਿਲ ਗਏ। ਔਰਤਾਂ ਪਿਛੇ ਦੇਸ਼ਾਂ, ਕੌਮਾਂ ਤੇ ਰਾਜਿਆਂ ਦੇ ਜੰਗ ਹੋਏ, ਅਨੇਕਾਂ ਘਰ ਨਰਕ ਦੀ ਭੱਠੀ ਬਣੇ। ਇਸ ਤਰ੍ਹਾਂ ਦੇ ਖ਼ੌਫ਼ਨਾਕ ਦੈਂਤ ਨੂੰ ਨੱਥ ਪਾਉਣੀ ਜ਼ਰੂਰੀ ਹੈ। ਗੁਰੂ ਸਾਹਿਬਾਨ ਨੇ ਸਭ ਤੋਂ ਪਹਿਲਾਂ ਇਸੇ ਨੂੰ ਨਕੇਲ ਪਾਈ। ਇਹ ਹੀ ਕਾਰਨ ਹੈ ਕਿ



www.AKJ.Org

ਪਰਾਈਆਂ ਇਸਤ੍ਰੀਆਂ ਦੀ ਇੱਜ਼ਤ ਦੀ ਰਾਖੀ ਲਈ ਅਨੇਕਾਂ ਸਿੰਘਾਂ ਦਾ ਨਾਮ ਇਤਿਹਾਸ ਵਿਚ ਚਮਕਦਾ ਹੈ। ਜੰਗ ਵਿਚ ਇਨ੍ਹਾਂ ਦੇ ਆਚਰਨ ਦਾ ਇਹ ਪੱਖ ਬੇ-ਨਜ਼ੀਰ ਹੈ।

ਜਦੋਂ ਜਹਾਨ ਖ਼ਾਨ ਦੀ ਘੋੜੀ ਨੂੰ ਇਕ ਸਿੱਖ ਦਾ ਤੀਰ ਲੱਗਾ ਸੀ, ਉਹ ਡਿੱਗ ਪਈ। ਡਿਗਦੇ ਖ਼ਾਨ ਨੂੰ ਉਹਦੇ ਸਿਪਾਹੀ ਨੇ ਆਪਣਾ ਘੋੜਾ ਦਿੱਤਾ। ਤਾਂ ਜਹਾਨ ਖ਼ਾਨ ਲੜਾਈ ਦੇ ਮੈਦਾਨ ਵਿਚੋਂ ਘੋੜਾ ਭਜਾ ਕੇ ਹਵਾ ਹੋ ਗਿਆ। ਉਹਦੀ ਫ਼ੌਜ ਤਿੱਤਰ ਬਿਤਰ ਹੋ ਗਈ। ਸਿੰਘਾਂ ਨੇ ਕਿਲ੍ਹੇ ਦਾ ਬੂਹਾ ਭੰਨਿਆ। ਅੰਦਰੋਂ ਜਹਾਨ ਖ਼ਾਨ ਦੀਆਂ ਬੇਗਮਾਂ ਤੇ ਲੜਕੀਆਂ ਨੂੰ ਬਾਹਰ ਲੈ ਆਏ। ਜਿਸ ਜਹਾਨ ਖ਼ਾਨ ਨੇ ਕੁਪ ਰਹੀੜੇ ਦੇ ਵਡੇ ਘਲੂਘਾਰੇ ਵਿਚ ਸਿੰਘਾਂ ਦੀ ਫ਼ੌਜ ਵਿਚੋਂ ਇਸਤ੍ਰੀਆਂ ਤੇ ਬੱਚਿਆਂ ਨੂੰ ਬੇ-ਰਹਿਮੀ ਨਾਲ ਕਤਲ ਕੀਤਾ ਸੀ, ਉਸੇ ਖ਼ਾਨ ਦਾ ਟੱਬਰ ਹੁਣ ਸਿੰਘਾਂ ਦੇ ਹੱਥ ਵਿਚ ਸੀ, ਜਿਸ ਦੇ ਜੀਆਂ ਦੇ ਗਲਾਂ ਉਤੇ ਤਲਵਾਰ ਫਿਰਨ ਵਾਲੀ ਸੀ। ਠੀਕ ਉਸ ਵੇਲੇ ਜਥੇਦਾਰ ਨੇ ਹੁਕਮ ਦਿਤਾ, "ਖ਼ਬਰਦਾਰ ! ਜੇ ਕਿਸੇ ਨੇ ਇਸਤ੍ਰੀਆਂ ਨੂੰ ਹੱਥ ਲਾਇਆ।" ਉਹਨਾਂ ਇਸਤ੍ਰੀਆਂ ਨੂੰ ਆਦਰ ਨਾਲ ਉਹਨਾਂ ਦੇ ਰਿਸ਼ਤੇਦਾਰਾਂ ਕੋਲ ਕਸ਼ਮੀਰ ਪਹੁੰਚਾਇਆ ਗਿਆ ਸੀ। ਅਜਿਹੀਆਂ ਕਈ ਮਿਸਾਲਾਂ ਇਤਿਹਾਸ ਵਿਚ ਮਿਲਦੀਆਂ ਹਨ।

ਅਹਿਮਦ ਸ਼ਾਹ ਦੀ ਫ਼ੌਜ ਦੇ ਨਾਲ ਕਾਜ਼ੀ ਨੂਰ ਮੁਹੰਮਦ ਆਇਆ ਸੀ। ਉਸ ਨੇ ਸਿੰਘਾਂ ਦੇ ਜੰਗ ਅੱਖੀਂ ਦੇਖੇ। ਉਹ ਲਿਖਦਾ ਹੈ–"ਇਹਨਾਂ ਸਿੰਘਾਂ ਨੂੰ ਸੱਗ (ਕੁੱਤੇ) ਨਾ ਆਖੋ, ਇਹ ਸ਼ੇਰ ਹਨ। ਲੜਾਈ ਦੇ ਢੰਗ ਇਹਨਾਂ ਕੋਲੋਂ ਸਿੱਖੋ। ਇਹ ਕਿਸੇ ਸੋਨੇ-ਲੱਦੀ ਇਸਤ੍ਰੀ ਤੇ ਵਾਰ ਨਹੀਂ ਕਰਦੇ।" ਸਿੱਖਾਂ ਦੇ ਆਚਰਨ ਦੀ ਸੁੱਚ ਦੀ ਤਾਰੀਫ਼ ਇਹਨਾਂ ਦੇ ਵੈਰੀ ਵੀ ਕਰਦੇ ਹਨ।

ਕਾਮੀ ਆਦਮੀ ਲੜਾਈ ਲੜ ਨਹੀਂ ਸਕਦਾ। ਇਹ ਆਪਣੇ ਹੱਕਾਂ ਦੀ ਰਾਖੀ ਵੀ ਨਹੀਂ ਕਰ ਸਕਦਾ। ਇਹ ਆਪਣੇ ਬੱਚਿਆਂ ਨਾਲ ਵੀ ਨਿਆਂ ਨਹੀਂ ਕਰ ਸਕਦਾ। ਨਾ ਹੀ ਆਪਣੀ ਇਸਤ੍ਰੀ ਨੂੰ ਉਸ ਦਾ ਹੱਕ ਤਾਰਦਾ ਹੈ। ਪਰ ਇਕ ਸਿਖ ਪਰਾਈ ਇਸਤ੍ਰੀ ਦੀ ਇੱਜ਼ਤ ਦੀ ਰਾਖੀ ਵਿਚ ਆਪਣੀ ਉਤਮ ਜਿੱਤ ਸਮਝਦਾ ਹੈ, ਜਿਸ ਦਾ ਈਸ਼ਵਰੀ ਅਨੰਦ ਇਸ ਨੂੰ ਅੰਬਰਾਂ ਵਿਚ ਉਡਾਰੀ ਲਵਾਉਂਦਾ ਹੈ। ਉਸ ਦੇ ਦਿਲ ਵਿਚੋਂ ਖੁਸ਼ੀ ਡੁਲ੍ਹ ਡੁਲ੍ਹ ਪੈਂਦੀ ਹੈ। ਗੁਰੂ ਸਾਹਿਬਾਨ ਦੇ ਸਮਿਆਂ ਵਿਚ ਸਿੰਘਾਂ ਨੇ ਕਿਸੇ ਜੁੱਧ ਵਿਚ ਵੀ ਇਖ਼ਲਾਕ ਨੂੰ ਮੈਲਾ ਨਹੀਂ ਹੋਣ ਦਿਤਾ। ਸਿੰਘਾਂ ਦੇ ਸੁੱਚੇ ਆਚਰਨ ਨੇ ਹੀ ਇਹਨਾਂ ਨੂੰ ਦੁਨੀਆ ਦੇ ਇਹਿਹਾਸ ਵਿਚ ਚਮਕਾਇਆ ਹੈ। ਜੁੱਧ ਵਿਚ ਵੀ ਇਹ ਸਿੰਘ ਆਪਣੇ ਧਰਮ ਨੂੰ ਨਹੀਂ ਤਿਆਗਦਾ। ਆਪਣੇ ਪਵਿੱਤਰ ਆਦਰਸ਼ ਪਿਛੇ ਇਹ ਆਪਣੀ ਜਾਨ ਤਿਆਗ ਦਿੰਦਾ ਹੈ। ਜੁੱਧ ਲੜਨ ਲਈ ਬਲਵਾਨ ਸਰੀਰ ਦੀ ਲੋੜ ਹੈ। ਕੁਰਬਾਨੀ ਦਾ ਜਜ਼ਬਾ ਤੇ ਦਲੇਰੀ ਸੁੱਚੇ ਦਿਲ ਵਿਚ ਹੀ ਬਲ ਫੜ ਸਕਦੀ ਹੈ।

'ਧਰਮ' ਜੀਵਨ ਦੀ ਜਾਚ ਸਿਖਾਉਂਦਾ ਹੈ, ਪਸ਼ੂ ਤੋਂ ਇਨਸਾਨ ਬਣਾਉਂਦਾ ਹੈ। ਇਹ ਹੀ ਮਨੁੱਖੀ ਜੀਵਨ ਦਾ ਪਾਰ-ਉਤਾਰਾ ਕਰ ਸਕਦਾ ਹੈ। ਇਹ ਆਪੇ ਦੀ ਖੋਜ-ਪੜਤਾਲ ਦਾ ਰਾਹ ਦਸਦਾ ਹੈ। ਜਦੋਂ ਤਕ ਅਸੀਂ ਆਪਣੀਆਂ ਅੰਦਰਲੀਆਂ ਗ਼ਲਤੀਆਂ ਤੋਂ ਜਾਣੂ ਨਹੀਂ ਹੋ ਸਕਦੇ, ਉਦੋਂ ਤਕ ਅਸੀਂ ਇਹਨਾਂ ਨੂੰ ਦੂਰ ਨਹੀਂ ਕਰ ਸਕਦੇ। ਐਬਾ ਦੇ ਹੁੰਦਿਆਂ ਇਹ ਆਤਮਾ ਪਵਿਤਰ ਨਹੀਂ ਹੋ ਸਕਦੀ। ਆਤਮਾ ਦੀ ਨਿਰਮਲਤਾ ਤੋਂ ਬਿਨਾ ਮੁਕਤੀ ਮਿਲ ਨਹੀਂ ਸਕਦੀ। ਸਿਆਸਤ ਦੂਜਿਆਂ ਵਿਚ ਨੁਕਸ ਛਾਂਟਦੀ ਹੈ, ਪਰ ਧਰਮ ਆਪਣੇ ਔਗੁਣਾਂ ਨੂੰ ਲਭਣ ਦਾ ਰਾਹ ਦਸਦਾ ਹੈ। ਬਾਦਸ਼ਾਹਾਂ ਦੇ ਇਤਿਹਾਸ ਵਿਚ ਨੇਕੀ ਕਿਸੇ ਕਿਸੇ ਦੀ ਹੀ ਚਮਕਦੀ ਹੈ, ਪਰ ਐਬਾਂ ਦੇ ਦਾਗ ਗਿਣੇ ਨਹੀਂ ਜਾਂਦੇ। ਪਰ ਰੂਹਾਨੀ ਰਹਿਬਰਾਂ ਦੇ ਕਾਰਨਾਮੇ ਹਮੇਸ਼ਾ ਚੰਦ ਸੂਰਜ ਬਣੇ ਰਹਿਣਗੇ।

ਆਪ ਦੀ ਪੜਤਾਲ ਵੀ ਇਕ ਭਗਤੀ ਹੈ, ਜੋ ਈਸ਼ਵਰ ਦਾ ਰਾਹ ਦਿਖਾਉਂਦੀ ਹੈ, ਪਰ ਇਕ ਸੱਚਾ ਸੁਚਾ ਕਾਮ-ਰਹਿਤ ਮਨ ਹੀ ਸਮਾਧੀ ਵਿਚ ਲੀਨ ਹੋ ਸਕਦਾ ਹੈ। ਆਪਣੇ ਅੰਦਰ ਦੀ ਝਾਤ ਲਈ, ਖੋਜ ਲਈ,



www.AKJ.Org

ਪੜਤਾਲ ਲਈ ਗਿਆਨ ਦੀ ਲੋੜ ਹੈ, ਸੋਚ ਵਿਚਾਰ ਦੀ ਲੋੜ ਹੈ, ਜਿਸ ਲਈ ਆਪਣੇ ਸਰੀਰ ਨੂੰ ਅਰੋਗ ਤੇ ਸਾਫ ਰੱਖਣ ਦੀ ਲੋੜ ਹੈ। ਸਭ ਤੋਂ ਵਧ ਇਸ ਨੂੰ ਅਯੋਗ ਕਾਮ ਵਿਗਾੜਦਾ ਹੈ, ਜੋ ਮਨੁੱਖ ਦੇ ਭਗਤੀ ਮਾਰਗ ਵਿਚ ਰੋਕ ਪਾਉਂਦਾ ਹੈ। ਇਸ ਦੀ ਰੋਕ-ਥਾਮ ਵਾਸਤੇ ਸ਼ਾਦੀ ਜ਼ਰੂਰੀ ਹੈ। ਸ਼ਾਦੀ ਪਿਛੋਂ ਪਤੀ-ਪਤਨੀ ਨੂੰ ਇਕ ਦੂਜੇ ਦੇ ਸਰੀਰਾਂ ਉਤੇ ਅਧਿਕਾਰ ਪ੍ਰਾਪਤ ਹੋ ਜਾਂਦਾ ਹੈ, ਉਹ ਵੀ ਯੋਗ ਅਵਸਥਾ ਸਮੇਂ। ਅਯੋਗ ਅਵਸਥਾ ਸਮੇਂ ਇਹ ਹੱਕ ਅਪਰਾਧ ਬਣ ਜਾਂਦਾ ਹੈ।

ਇੰਗਲੈਂਡ ਦੀ ਇਕ ਇਸਤ੍ਰੀ ਨੇ ਆਪਣੇ ਪਤੀ ਦੇ ਵਿਰੁਧ ਅਦਾਲਤ ਵਿਚ ਮੁਕੱਦਮਾ ਕੀਤਾ ਸੀ, ਜਿਸ ਪਤੀ ਨੇ ਆਪਣੀ ਪਤਨੀ ਦੀ ਨਿਰਇਛਤਾ ਨੂੰ ਤੋੜਿਆ ਸੀ। ਅਦਾਲਤ ਨੇ ਪਤੀ ਨੂੰ ਅਪਰਾਧੀ ਕਰਾਰ ਦਿਤਾ ਸੀ। ਫ਼ੈਸਲਾ ਇਸਤ੍ਰੀ ਦੇ ਹੱਕ ਵਿਚ ਹੋਇਆ ਸੀ।

ਸਿਖ ਧਰਮ ਵਿਚ ਸ਼ਾਦੀ ਦਾ ਰਿਵਾਜ ਅਨੰਦ ਕਾਰਜ ਦੀ ਰੀਤ ਨਾਲ ਪੂਰਾ ਕੀਤਾ ਜਾਂਦਾ ਹੈ। ਤੀਜੇ ਗੁਰੂ ਸਾਹਿਬ ਨੇ ਅਨੰਦ ਸਾਹਿਬ ਦੀ ਬਾਣੀ ਰਚੀ, ਚੌਥੇ ਗੁਰੂ ਜੀ ਨੇ ਚਾਰ ਲਾਵਾਂ ਰਚੀਆਂ। ਇਹ ਰਿਵਾਜ ਸਾਰੀ ਦੁਨੀਆ ਵਿਚੋਂ ਬੇਨਜ਼ੀਰ ਹੈ ਤੇ ਸਭ ਤੋਂ ਸਸਤਾ ਵੀ। ਜਿਥੇ ਇਖ਼ਲਾਕ ਦਾ ਹਰ ਪੱਖ ਵੀ ਪਵਿਤਰ ਰਹਿੰਦਾ ਹੈ।

ਹੰਗਰੀ ਦਾ ਕੁੱਕੜ-ਵਢ ਵਿਆਹ, ਅਰਬਾਂ ਦਾ ਭੇਡ-ਵਢ ਵਿਆਹ, ਸਾਇਬੇਰੀਆ ਦਾ ਲੁਕਣ-ਮੀਚੀ ਵਿਆਹ, ਉੜੀਸਾ ਦਾ ਪਸ਼ੂਮਾਰ ਵਿਆਹ, ਅਮਰੀਕਾ ਦਾ ਮੁੰਦਰੀ-ਵਟਾਊ ਵਿਆਹ, ਯਹੂਦੀਆਂ ਦਾ ਸ਼ਰਾਬ ਦਾ ਪਿਆਲਾ ਵਿਆਹ, ਜਾਪਾਨ ਦਾ ਟਾਹਣੀ-ਵਢ ਵਿਆਹ, ਟਪਰੀ-ਵਾਸਾਂ ਦਾ ਝੱਜਰ-ਭੰਨ ਵਿਆਹ, ਅਫ਼ਰੀਕਾ ਦਾ ਗਊਆਂ-ਦੇਊ ਵਿਆਹ, ਨਾਗਿਆਂ ਦਾ ਚਾਉਲ-ਦੇਊ ਵਿਆਹ, ਅਨੰਦ ਕਾਰਜ ਦੀ ਰੀਸ ਨਹੀਂ ਕਰ ਸਕਦਾ। ਲਾੜੇ ਤੇ ਲਾੜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬਹਿਣਾ ਪੈਂਦਾ ਹੈ। ਲਾਵਾਂ ਦੇ ਨਾਲ ਹੀ ਦੋਹਾਂ ਧਿਰਾਂ ਨੂੰ ਇਕਰਾਰ ਕਰਨਾ ਪੈਂਦਾ ਹੈ ਕਿ ਸਾਡਾ ਸਾਥ ਜ਼ਿੰਦਗੀ ਦੇ ਨਾਲ ਨਿਭੇਗਾ। ਅਨੇਕਾਂ ਔਕੜਾਂ ਦੇ ਬਾਵਜੂਦ ਵੀ ਬੇ-ਗਿਣਤ ਸਿੱਖ ਇਸ ਪ੍ਰਣ ਉਤੇ ਕਾਇਮ ਰਹਿੰਦੇ ਹਨ। ਉਸ ਵੇਲੇ ਹੀ—

"ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ" (੬—੮)

ਦੀ ਸਿਖਿਆ ਦਿਤੀ ਹੈ ਤੇ ਦੱਸਿਆ ਜਾਂਦਾ ਹੈ ਕਿ—

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ॥" [ਭਾਈ ਗੁਰਦਾਸ ਜੀ, ੨੯—੧੧

ਇਹ ਇਕ ਦੂਜੇ ਦਾ ਸਾਥ ਨਹੀਂ ਛਡਦੇ। ਆਪਣੇ ਵਚਨ ਨੂੰ ਉਹ ਆਂਚ ਨਹੀਂ ਲਗਣ ਦਿੰਦੇ। ਇਸ ਤਰ੍ਹਾਂ ਬੱਚੇ ਮਾਂ ਬਾਪ ਦੇ ਲਾਡ ਪਿਆਰ ਤੇ ਸਹਾਇਤਾ ਤੋਂ ਕਦੇ ਖਾਲੀ ਨਹੀਂ ਰਹਿ ਸਕਦੇ। ਮਾਪਿਆਂ ਦੇ ਦਿਲਾਂ ਵਿਚ ਆਪਣੇ ਬੱਚਿਆਂ ਲਈ ਦਇਆ ਤੇ ਕੋਮਲਤਾ ਸਮਾਈ ਰਹਿੰਦੀ ਹੈ। ਉਹ ਆਪਣੇ ਬਾਲਾਂ ਨੂੰ ਪਾਲਣ ਲਈ ਅਨੇਕਾਂ ਕੁਰਬਾਨੀਆਂ ਕਰਦੇ ਹਨ। ਬੱਚਿਆਂ ਦੀ ਜ਼ਿੰਦਗੀ ਵਿਚ ਬੇ-ਰਸੀ ਨਹੀਂ ਆਉਣ ਦਿੰਦੇ। ਜਿਥੇ ਦਇਆ ਤੇ ਕੋਮਲਤਾ ਹੈ, ਉਥੇ ਰੱਬ ਹੈ।

ਕਈ ਦੇਸ਼ ਆਪਣੇ ਰਿਵਾਜਾਂ ਅਨੁਸਾਰ ਸ਼ਾਦੀ ਤਾਂ ਕਰ ਲੈਂਦੇ ਹਨ, ਪਰ ਸਹਿਨਸ਼ੀਲਤਾ ਦੀ ਘਾਟ ਕਰਕੇ, ਆਜ਼ਾਦੀ ਦੀ ਹਵਾ ਨਾਲ ਉਹਨਾਂ ਨੂੰ ਆਪਣੇ ਫਰਜ਼ ਭੁਲ ਜਾਂਦੇ ਹਨ, ਜਾਂ ਕਾਮ-ਵਸ ਉਹ ਪਰਾਇਆਂ ਨਾਲ ਜਾ ਜੁੜਦੇ ਹਨ। ਬੱਚਿਆਂ ਲਈ ਨਰਕ ਪੈਦਾ ਕਰ ਜਾਂਦੇ ਹਨ। ਸਭਿਅਤਾ ਦੇ ਮਾਲਕ ਆਪਣੇ ਬੱਚਿਆਂ ਦੇ ਹੀ ਵੈਰੀ ਬਣ ਜਾਂਦੇ ਹਨ, ਸ਼ਾਦੀ ਸਮੇਂ ਦੇ ਆਪਣੇ ਪ੍ਰਣ ਨੂੰ ਉਹ ਛਿਕੇ ਤੇ ਟੰਗ ਦਿੰਦੇ ਹਨ। ਸ਼ਾਦੀ ਟੁਟ ਜਾਂਦੀ ਹੈ, ਬੱਚੇ ਰੁਲ ਜਾਂਦੇ ਹਨ, ਮਾਪੇ ਪੱਥਰ-ਦਿਲ ਬਣ ਜਾਂਦੇ ਹਨ। ਪਤੀ, ਪਤਨੀ ਉਤੇ ਗੁੱਸੇ ਦੀ ਅੱਗ ਸੁੱਟਦਾ ਹੈ। ਪਤਨੀ ਪਤੀ ਉਤੇ ਕ੍ਰੋਧ ਦੇ ਬਾਣਾਂ ਦੀ ਵਰਖਾ ਕਰਦੀ ਹੈ। ਪੱਛਮ ਦੇ ਕਈ ਦੇਸ਼ਾਂ ਵਿਚ ਤਿੰਨਾਂ ਵਿਚੋਂ ਸਿਰਫ਼ ਇਕ ਜਾਂ ਦੋ ਵਿਆਹ ਹੀ ਸਿਰੇ ਚੜ੍ਹਦੇ ਹਨ।



www.AKJ.Org

ਮਨੁੱਖੀ ਸਮਾਜ ਵਿਚ ਵਿਆਹ ਰਾਹੀਂ ਹੀ ਇਕ ਆਦਮੀ ਜਾਂ ਇਸਤ੍ਰੀ ਦਾ ਇਕ ਦੂਜੇ ਦੇ ਤਨ ਉਤੇ ਅਧਿਕਾਰ ਪ੍ਰਾਪਤ ਸਮਝਿਆ ਜਾਂਦਾ ਹੈ। ਇਹ ਵਿਆਹ ਤਾਂ ਬੂਟਿਆਂ ਵਿਚ ਵੀ ਹੁੰਦੇ ਹਨ, ਜੋ ਕੁਦਰਤ ਕਰਦੀ ਹੈ। ਜੇ ਕੁਦਰਤ ਦੇ ਨਜ਼ਾਮ ਵਲ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਹਰ ਇਕ ਬੂਟਾ ਆਪਣੇ ਨਰ ਬੂਟੇ ਨੂੰ ਆਪਣੇ ਹੀ ਮਦੀਨ ਬੂਰ ਤੇ ਸਿਟਦਾ ਹੈ, ਜਿਸ ਨਾਲ ਫਲ ਤੇ ਬੀਜ ਬਣਦੇ ਹਨ। ਵਾਹ ਲਗਦੀ ਕੋਈ ਵੀ ਬੂਟਾ ਆਪਣੇ ਨਰ ਬੂਰ ਨੂੰ ਕਿਸੇ ਹੋਰ ਬੂਟੇ ਦੇ ਮਦੀਨ ਬੂਰ ਉਤੇ ਨਹੀਂ ਸੁਟਦਾ। ਫੇਰ ਇਨਸਾਨ ਕਿਉਂ ਆਪਣੇ ਭਾਈਚਾਰੇ ਤੇ ਕੁਦਰਤ ਦੇ ਨਿਯਮਾਂ ਨੂੰ ਉਲੰਘ ਕੇ ਆਪਣੇ ਜੀਵਨ-ਸਾਥੀ ਨੂੰ ਛੱਡ ਕੇ ਕਿਸੇ ਹੋਰ ਨਾਲ ਸਰੀਰਕ ਸੰਬੰਧ ਜੋੜੇ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੰਘਾਂ ਨੂੰ ਇਕ ਕਰੜੀ ਹਦਾਇਤ ਕੀਤੀ ਸੀ, ਸਗੋਂ ਇਕ ਸਖ਼ਤ ਹੁਕਮ ਦਿੱਤਾ ਸੀ, ਜਿਸ ਦਾ ਲਾਭ ਸਾਰੇ ਮਨੁੱਖੀ ਭਾਈਚਾਰੇ ਨੂੰ ਵੀ ਹੈ, ਜਿਸ ਦੇ ਮੰਨਣ ਨਾਲ ਸਿੱਖਾਂ ਵਿਚ ਇਕ ਕਮਾਲ ਦੀ ਤਾਕਤ ਆਈ, ਜਿਸ ਦੇ ਨਾਲ ਇਹਨਾਂ ਨੇ ਜੁਧ ਹੀ ਨਹੀਂ ਜਿੱਤੇ, ਸਗੋਂ ਦੁਨੀਆ ਵਿਚ ਇਖ਼ਲਾਕ ਦਾ ਸਿਰ ਉੱਚਾ ਕੀਤਾ। ਗੁਰੂ ਸਾਹਿਬ ਨੇ ਅੰਮ੍ਰਿਤ ਦੀ ਰੀਤ ਚਾਲੂ ਕਰਨ ਸਮੇਂ ਇਕ ਲੋਹੇ ਦੇ ਬਾਟੇ ਵਿਚ ਸਤਲੁਜ ਦਾ ਨਿਰਮਲ ਜਲ ਪਾਇਆ। ਉਸ ਵਿਚ ਮਾਤਾ ਜੀਤੋ ਜੀ ਨੇ ਆਪਣੀ ਝੋਲੀ ਵਿਚੋਂ ਦੁੱਧ ਚਿੱਟੇ ਪਤਾਸੇ ਘੋਲੇ। ਗੁਰੂ ਸਾਹਿਬ ਪੰਜਾਂ ਬਾਣੀਆਂ ਦਾ ਪਾਠ ਵੀ ਕਰਦੇ ਗਏ ਤੇ ਖੰਡਾ ਵੀ ਜਲ ਵਿਚ ਫੇਰਦੇ ਰਹੇ। ਅੰਮ੍ਰਿਤ ਤਿਆਰ ਹੋ ਗਿਆ। ਪੰਜਾਂ ਪਿਆਰਿਆਂ ਨੂੰ ਛਕਾਇਆ ਤੇ ਫੇਰ ਆਪ ਉਹਨਾਂ ਹੱਥੋਂ ਛਕਿਆ ਤੇ ਫੇਰ ਆਪਣੇ ਸਿੰਘਾਂ ਨੂੰ ਉਹਨਾਂ ਨੇ ਪੰਜ ਰਹਿਤਾਂ ਰੱਖਣ ਦਾ ਹੁਕਮ ਦਿੱਤਾ ਤੇ ਚਾਰ ਕੁਰਹਿਤਾਂ ਤੋਂ ਬਚਣ ਲਈ ਸਖਤ ਹਦਾਇਤ ਕੀਤੀ, ਜਿਨ੍ਹਾਂ ਵਿਚੋਂ ਇਕ ਹਦਾਇਤ ਇਹ ਸੀ ਕਿ ਪਰਾਈ ਇਸਤ੍ਰੀ ਜਾਂ ਪੁਰਸ਼ ਨਾਲ ਜਿਣਸੀ ਸੰਬੰਧ ਨਹੀਂ ਜੋੜਨੇ।

ਅਜਿਹੇ ਅਯੋਗ ਸੰਬੰਧ ਨਾਲ ਸਰੀਰਕ, ਸਦਾਚਾਰਕ, ਮਾਨਸਕ, ਆਤਮਿਕ ਤੇ ਧਾਰਮਿਕ ਗਿਰਾਵਟ ਆ ਜਾਂਦੀ ਹੈ। ਪੰਥ ਨੂੰ ਚੜ੍ਹਦੀ ਕਲਾ ਵਿਚ ਰੱਖਣ ਵਾਸਤੇ ਗੁਰੂ ਸਾਹਿਬ ਦਾ ਇਹ ਫੁਰਮਾਨ ਜ਼ਰੂਰੀ ਸੀ। ਨਦੌਣ ਦੀ ਲੜਾਈ ਸਮੇਂ ਸਿੰਘ ਉਥੋਂ ਦੇ ਨਵਾਬ ਦੀ ਪੁਤਰੀ ਨੂੰ ਜ਼ੋਰੀਂ ਖਿਚ ਲਿਆਏ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਸਖ਼ਤ ਹੁਕਮ ਦਿੱਤਾ ਕਿ ਇਸ ਬੀਬੀ ਨੂੰ ਇੱਜ਼ਤ ਨਾਲ ਵਾਪਸ ਕਰ ਆਉ। ਪਵਿੱਤਰ ਗੁਰੂ ਜੀ ਨਹੀਂ ਚਾਹੁੰਦੇ ਸਨ ਕਿ ਜਿਹੜੀ ਸਦਾਚਾਰਕ ਗ਼ਲਤੀ ਵਿਰੋਧੀ ਵੈਰੀ ਕਰਦੇ ਸਨ, ਉਹ ਗ਼ਲਤੀ ਇਹਨਾਂ ਦੇ ਸਿੱਖ ਵੀ ਕਰਨ। ਸਿੰਘਾਂ ਨੇ ਗੁਰੂ ਸਾਹਿਬ ਦੇ ਹੁਕਮ ਉਤੇ ਫੁਲ ਚੜ੍ਹਾਏ।

ਇਕ ਵਾਰ ਸਿੰਘਾਂ ਦੇ ਇਕ ਜਥੇ ਨੇ ਇਕ ਮੁਗਲ ਕੈਂਪ ਉਤੇ ਹੱਲਾ ਕੀਤਾ, ਪਰ ਕੈਂਪ ਦੇ ਅੰਦਰ ਕੋਈ ਮੁਗਲ ਜਾਂ ਪਠਾਣ ਨਹੀਂ ਸੀ ਸਗੋਂ ਉਹਨਾਂ ਦੀਆਂ ਬੇਗਮਾਂ ਸਨ, ਸਿੰਘ ਖਾਲੀ ਹੱਥ ਪਿਛੇ ਮੁੜ ਆਏ।

ਜਿਥੇ ਧਰਮ ਦਾ ਸਤਿਕਾਰ ਹੈ, ਉਥੇ ਦੇਸ਼ ਦੀ ਹਕੂਮਤ ਨੂੰ ਬਹੁਤੀ ਪੁਲਸ ਰੱਖਣ ਦੀ ਲੋੜ ਨਹੀਂ ਪੈਂਦੀ, ਲੋਕ ਆਪਣੇ ਫ਼ਰਜ਼ਾਂ ਤੋਂ ਜਾਣੂ ਹੁੰਦੇ ਹਨ, ਅਪਰਾਧਾਂ ਵਲੋਂ ਕੰਨੀਂ ਕਤਰਾਉਂਦੇ ਹਨ। ਸਰਕਾਰ ਦੀ ਸਿਰ-ਦਰਦੀ ਘਟਦੀ ਹੈ।

ਜਦੋਂ ਸਿੱਖ ਕਿਸੇ ਪਰਾਈ ਇਸਤ੍ਰੀ ਦੀ ਇੱਜ਼ਤ ਬਚਾਉਂਦੇ ਸਨ ਤਾਂ ਉਹਨਾਂ ਦੇ ਹਿਰਦਿਆਂ ਵਿਚੋਂ ਈਸ਼ਵਰੀ ਖੁਸ਼ੀ ਡੁਲ੍ਹ ਡੁਲ੍ਹ ਪੈਂਦੀ ਸੀ। ਜਿਵੇਂ ਉਹਨਾਂ ਨੇ ਦੁਨੀਆ ਦੇ ਹੀਰੇ ਮੋਤੀਆਂ ਤੋਂ ਵੀ ਵਧ ਕੀਮਤੀ ਚੀਜ਼ ਪ੍ਰਾਪਤ ਕਰ ਲਈ ਹੋਵੇ। ਧਰਮ ਤੇ ਇਖ਼ਲਾਕ ਦੀ ਜਿੱਤ ਹੀ ਸਦੀਵੀ ਤੇ ਪੱਕੀ ਜਿੱਤ ਹੁੰਦੀ ਹੈ, ਜਿਸ ਨੂੰ ਬਦ-ਇਖ਼ਲਾਕ ਯੋਧੇ ਸਦਾ ਤਰਸਦੇ ਹੀ ਰਹਿੰਦੇ ਹਨ। ਪਰ ਅਜਿਹੀ ਜਿੱਤ ਦੀ ਕੰਨੀ ਵੀ ਉਹਨਾਂ ਦੇ ਹੱਥ ਨਹੀਂ ਆਉਂਦੀ। ਅਜਿਹੀ ਜਿੱਤ ਜਿੱਤਣ ਵਾਲਾ ਖਾਲਸਾ ਵਾਹਿਗੁਰੂ ਜੀ ਦਾ ਹੁੰਦਾ ਹੈ, ਜੋ ਖਾਲਸ ਹੁੰਦਾ ਹੈ, ਜਿਸ ਵਿਚ ਕੋਈ ਮੈਲ ਦਵੈਤ ਨਹੀਂ ਹੁੰਦੀ ਤੇ ਅਜਿਹੀ ਜਿੱਤ ਵਾਹਿਗੁਰੂ ਦੀ ਹੀ ਹੁੰਦੀ ਹੈ। ਅਜਿਹੀ ਜਿੱਤ



www.AKJ.Org

ਵਾਸਤੇ ਆਪਣੇ ਸਰੀਰ ਦੀ ਸੰਭਾਲ ਦੀ ਲੋੜ ਹੁੰਦੀ ਹੈ। ਗੁਰੂ ਸਾਹਿਬ ਦੇ ਇਸ ਫੁਰਮਾਨ ਨੇ ਪੰਜਾਬ ਦੇ ਇਤਿਹਾਸ ਨੂੰ ਦੁਨੀਆ ਵਿਚ ਚਮਕਾਇਆ, ਸਿੱਖਾਂ ਦੇ ਸਰੀਰ ਅਰੋਗ ਤੇ ਸਡੋਲ ਹੋ ਗਏ, ਜਿਸ ਨਾਲ ਸਿੱਖਾਂ ਦੇ ਹੌਸਲੇ ਉਚੇ ਹੋਏ ਤੇ ਵਿਰੋਧੀਆਂ ਦੇ ਹੌਸਲੇ ਠਰ ਗਏ। ਕਈ ਇਤਿਹਾਸਕਾਰ ਸਿੱਖਾਂ ਦੇ ਇਸ ਗੁਣ ਦੀ ਸਲਾਹੁਤਾ ਕਰਨ ਤੋਂ ਨਹੀਂ ਰਹਿ ਸਕੇ। ਉਹ ਸਿੱਖਾਂ ਦੇ ਦੰਦਾਂ ਨੂੰ ਸੁੱਚੇ ਮੋਤੀਆਂ ਦੀ ਲੜੀ ਦਸਦੇ ਹਨ।

ਪਰ-ਇਸਤ੍ਰੀ-ਗਾਮੀ ਪਰਾਏ ਹੱਕਾਂ ਉਤੇ ਡਾਕਾ ਮਾਰਦਾ ਹੈ। ਉਹ ਸਮਾਜ ਦਾ ਚੋਰ ਹੈ। ਉਹ ਭਾਈ-ਚਾਰੇ ਨੂੰ ਠੱਗਦਾ ਹੈ, ਉਹ ਮਨੁੱਖਾ ਜਾਤੀ ਨੂੰ ਧੋਖਾ ਦੇਂਦਾ ਹੈ। ਉਸ ਦਾ ਈਮਾਨ ਕੋਈ ਨਹੀਂ ਹੁੰਦਾ, ਉਹ ਅਨੇਕਾਂ ਜੀਵਾਂ ਦਾ ਕਾਤਲ ਵੀ ਬਣ ਜਾਂਦਾ ਹੈ। ਇਸ ਦੇ ਲੋਭ, ਲਾਲਚ ਦੀ ਕੋਈ ਹੱਦ ਨਹੀਂ ਹੁੰਦੀ। ਉਹ ਆਪਣੇ ਫ਼ਰਜ਼ਾਂ ਤੋਂ ਕੋਹਾਂ ਦੂਰ ਭਜਦਾ ਹੈ। ਭਾਈਚਾਰਕ ਨਿਯਮਾਂ ਤੋਂ ਵਿਰੁਧ ਅਵਸਥਾ ਵਿਚ ਜਨਮ ਲੈਣ ਵਾਲੇ ਬੱਚੇ ਚੋਰ, ਠੱਗ, ਲੜਾਕੇ, ਖ਼ੂਨੀ, ਦਇਆ-ਹੀਣ, ਧਰਮ-ਹੀਣ ਤੇ ਆਚਰਣ-ਹੀਣ ਬਣ ਜਾਂਦੇ ਹਨ, ਜਿਸ ਦੀ ਜ਼ਿਮੇਵਾਰੀ ਉਸ ਆਚਰਣ-ਹੀਣ ਲੁਕੇ ਹੋਏ, ਉਸ ਬਾਪ ਉਤੇ ਹੁੰਦੀ ਹੈ। ਉਹ ਆਪਣੇ ਬੱਚਿਆਂ ਨੂੰ ਨਿਰਾਦਰ ਨਾਲ ਮਿੱਟੀ ਵਿਚ ਰੋਲਦਾ ਹੈ। ਉਹ ਇਕ ਬੇ-ਰਹਿਮ, ਬੇ-ਕਿਰਕ ਤੇ ਪੱਥਰ-ਦਿਲ ਬਾਪ ਹੈ, ਜੋ ਈਸ਼ਵਰ ਤੋਂ ਦੂਰ ਹੈ।

ਸਖ਼ਤ ਕੰਮਾਂ ਦਾ ਟਾਕਰਾ ਇਕ ਨਰੋਆ ਸਰੀਰ ਹੀ ਕਰ ਸਕਦਾ ਹੈ। ਇਸੇ ਕਰਕੇ ਹੀ ਗੁਰੂ ਸਾਹਿਬਾਨ ਅਖਾੜਿਆਂ ਵਿਚ ਗਭਰੂਆਂ ਦਾ ਘੋਲ ਕਰਾਇਆ ਕਰਦੇ ਸਨ ਤੇ ਗਤਕੇ ਵਰਗੀ ਚੁਸਤੀ ਭਰੀ ਖੇਡ ਦਾ ਵੀ ਅਭਿਆਸ ਕਰਾਉਂਦੇ ਸਨ।

ਪੁਰਾਣੇ ਸਮਿਆਂ ਦੀ ਗੱਲ ਹੈ, ਜਦੋਂ ਪੰਜਾਬ ਦੇ ਕਿਰਸਾਨ ਦਾ ਗਭਰੂ-ਪੁਤ ਵਿਆਹਿਆ ਜਾਂਦਾ ਸੀ ਤਾਂ ਕਿਰਸਾਣ ਆਪਣੇ ਪੁਤ ਨੂੰ ਇਹ ਮਿਹਣਾ ਮਾਰਦਾ ਸੀ ਕਿ "ਜਿਹੜਾ ਆਪਣੀ ਬਹੂ ਦੇ ਗੋਡੇ ਮੁਢੋਂ ਨਹੀਂ ਉਠਦਾ, ਉਸ ਨੇ ਖੇਤੀ ਕੀ ਸੁਆਹ ਕਰਨੀ ਹੈ।"

ਜਿਹੜਾ ਬਾਪ ਗੁਰੂ ਸਾਹਿਬ ਦੇ ਫੁਰਮਾਨ ਤੇ ਚਲਦਾ ਹੈ, ਉਸ ਦੇ ਬੱਚੇ ਅਰੋਗ ਤੇ ਬਲਵਾਨ ਹੁੰਦੇ ਹਨ, ਜਿਸ ਦਾ ਫਲ ਇਹ ਮਿਲਦਾ ਹੈ ਕਿ ਡਾਕਟਰਾਂ ਦੀਆਂ ਦੁਆਈਆਂ ਉਤੇ ਦੌਲਤ ਨਹੀਂ ਰੋੜ੍ਹਨੀ ਪੈਂਦੀ ਤੇ ਮਾਨਸਕ ਪਰੇਸ਼ਾਨੀ ਤੋਂ ਵੀ ਛੁਟਕਾਰਾ ਮਿਲਦਾ ਹੈ।

ਭਾਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਜਿਣਸੀ ਕੁਰਹਿਤ ਤੋਂ ਆਪਣੇ ਸਿੰਘਾਂ ਨੂੰ ਵਰਜਿਆ, ਪਰ ਇਸ ਤੋਂ ਲਾਭ ਤਾਂ ਸਾਰੀ ਦੁਨੀਆ ਹੀ ਉਠਾ ਸਕਦੀ ਹੈ।

ਜਤ ਕੀ ਜਟਾ, ਜੋਗ ਕੋ ਮਜਨੁ, ਨੇਮ ਕੇ ਨਖਨ ਬਢਾਓ ॥

ਇਸ ਨਿਯਮ ਉਤੇ ਪੁਰਸ਼ ਅਟੱਲ ਮਨ ਉਤੇ ਕਾਬੂ ਪਾਉਂਦਾ ਹੈ ਤੇ ਮਨ ਨੂੰ ਵੱਸ ਵਿਚ ਰਖਣ ਵਾਲਾ ਪੁਰਸ਼ ਹੀ ਜਤ ਸਤ ਉਤੇ ਕਾਇਮ ਰਹਿ ਸਕਦਾ ਹੈ। ਨਿਯਮ ਦੀ ਪਾਲਣਾ ਵੀ ਜਾਦੂ ਵਰਗੀ ਤਾਕਤ ਹੈ। ਅੰਗਰੇਜ਼ਾਂ ਨੇ ਨਿਯਮਾਂ ਦੀ ਪਾਲਣਾ ਕਰਕੇ ਹੀ ਦੁਨੀਆ ਦੇ ਤਿੰਨ-ਚੌਥਾਈ ਹਿੱਸੇ ਤੇ ਰਾਜ ਕੀਤਾ ਸੀ। ਨਿਯਮਾਂ ਦੀ ਪਾਲਣਾ ਨੇ ਹੀ ਬੇ-ਘਰ ਹੋਏ ਸਿੰਘਾਂ ਦੇ ਹੱਥ ਹਕੂਮਤ ਦਿਤੀ ਸੀ। ਖੋਟੇ ਮਨ ਵਾਲਾ ਜਤੀ ਸਤੀ ਨਹੀਂ ਹੁੰਦਾ।

ਜ਼ਿਕਰ ਆਉਂਦਾ ਹੈ ਕਿ ਜਦ ਬਹਾਦਰ ਸ਼ਾਹ ਹਿੰਦ ਦੇ ਸ਼ਹਿਨਸ਼ਾਹ ਨੇ ਗੁਰੂ ਸਾਹਿਬ ਦੇ ਦਰਬਾਰ ਵਿਚ ਬੈਠੀ ਇਕ ਰੂਪ-ਵਤੀ ਬੀਬੀ ਵਲ ਵਿਕਾਰ ਦੀ ਨਿਗਾਹ ਨਾਲ ਦੇਖਿਆ ਸੀ ਤਾਂ ਸ਼ਹਿਨਸ਼ਾਹ ਨੂੰ ਵੀ ਗੁਰੂ ਜੀ ਨੇ ਨਿਰਭੈ ਹੋ ਕੇ ਨਸੀਹਤ ਕੀਤੀ ਸੀ ਕਿ ਮਜ਼੍ਹਬ ਦੀ ਸ਼ਰ੍ਹਾ ਉਤੇ ਚਲਣ ਵਾਲਾ ਮੈਲੇ-ਦਿਲ ਨਾਲ ਆਪਣਾ ਅੱਗਾ ਸੋਧ ਨਹੀਂ ਸਕਦਾ। ਉਸ ਦਾ ਪਾਰ-ਉਤਾਰਾ ਨਹੀਂ ਹੋ ਸਕਦਾ।

ਅੱਜ ਪਦਾਰਥਵਾਦ ਦੇ ਜ਼ਮਾਨੇ ਵਿਚ ਜਿਣਸੀਅਤ ਦੀ ਰੁਚੀ ਇਨਸਾਨਾਂ ਵਿਚ ਵਧਦੀ ਜਾ ਰਹੀ ਹੈ, ਜਿਸ ਵਿਚ ਕੌਮਾਂ ਦੀ ਗਿਰਾਵਟ ਦੀਆਂ ਨਿਸ਼ਾਨੀਆਂ ਲੁਕੀਆਂ ਹੋਈਆਂ ਹਨ। ਅਜਿਹੀਆਂ ਰੁਚੀਆਂ ਦੇ ਮਾਲਕਾਂ ਨੇ ਅਨੇਕਾਂ ਦੇਸ਼ਾਂ ਵਿਚ ਬੇ-ਗਿਣਤ ਲਿਖਾਰੀ ਪੈਦਾ ਕਰ ਲਏ ਹਨ, ਜਿਨ੍ਹਾਂ ਨੇ ਬਿਖ-ਭਿੱਜੇ ਲਜ਼ੀਜ਼


www.AKJ.Org

ਸਾਹਿਤ ਰਾਹੀਂ ਚੜ੍ਹਦੀ ਉਮਰ ਦੇ ਗਭਰੂ ਚਾਟ ਉਤੇ ਲਾ ਲਏ ਹਨ। ਲੋੜ ਤੋਂ ਵਧ ਜਿਣਸੀਅਤ ਦੇ ਭਾਵ ਨੂੰ-ਹਵਾ ਦੇਣ ਵਾਲੇ ਸਾਹਿਤਕਾਰ ਅੱਗ ਉਤੇ ਤੇਲ ਪਾ ਰਹੇ ਹਨ। ਬਦੀ ਦਾ ਕਲੰਕ ਮੱਥਾ ਦਾਗੇਗਾ। ਅਜਿਹਾ ਸਾਹਿਤ ਕੌਮਾਂ ਨੂੰ ਕੋਈ ਸੁਚੱਜੀ ਸੇਧ ਦੇਣ ਦੇ ਥਾਂ ਸਗੋਂ ਢਹਿੰਦੀਆਂ ਕਲਾਂ ਵਲ ਲੈ ਜਾਂਦਾ ਹੈ। ਗੁਰੂ ਸਾਹਿਬਾਂ ਦਾ ਆਦਮੀ ਨੂੰ ਪਰ-ਨਾਰੀ ਦੇ ਸੰਗ ਵਲੋਂ ਰੋਕਣਾ ਤੇ ਇਸਤ੍ਰੀ ਨੂੰ ਬਿਗਾਨੇ ਪੁਰਸ਼ ਦੇ ਸੰਗ ਤੋਂ ਵਰਜਣਾ ਸਿਰਫ ਸਿੱਖਾਂ, ਅੰਮ੍ਰਿਤਧਾਰੀ ਸਿੰਘਾਂ ਲਈ ਹੀ ਉਪਦੇਸ਼ ਨਹੀਂ, ਸਗੋਂ ਸਮੁੱਚੀ ਮਨੁੱਖ ਜਾਤੀ ਲਈ ਲਾਭਦਾਇਕ ਹੈ। ਜਿਸ ਦੀ ਨਰਕੀ ਜਿੱਲ੍ਹਣ ਵਿਚੋਂ ਇਨਸਾਨ ਤਾਂ ਬਚ ਸਕਦਾ ਹੈ, ਜੇ ਉਹ ਗੁਰੂ ਸਾਹਿਬ ਦੀ ਨਸੀਹਤ ਤੇ ਅਮਲ ਕਰੇ। ਗੁਰੂ ਸਾਹਿਬ ਦੇ ਇਹ ਬਚਨ ਮਨੁੱਖ ਜਾਤੀ ਦੀ ਅਗਵਾਈ ਕਰਦੇ ਰਹਿਣਗੇ ਤੇ ਮਨੁੱਖ ਨੂੰ ਕੁਮਾਰਗ ਤੋਂ ਹੋੜਦੇ ਹਟਕਦੇ ਰਹਿਣਗੇ। ਦਸਮੇਸ਼ ਜੀ ਦੇ ਬੋਲ ਸਦਾ ਦਹਿ ਦਿਸਾਵਾਂ ਵਿਚ ਗੂੰਜਦੇ ਰਹਿਣਗੇ।

['ਗੁਰਮਤਿ ਪ੍ਰਕਾਸ਼', ਅਪ੍ਰੈਲ ੧੯੮੦]

# ਗੁਰੂ ਨਾਨਕ ਸੁਲਤਾਨਪੁਰੇ ਵਿਚ

[ਵਲੋਂ :—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਪਿੰਡ ਮਾਲਬ (ਗੁੜਗਾਉਂ)]

ਗੁਰੂ ਨਾਨਕ ਸੁਲਤਾਨਪੁਰੇ ਵਿਚ, ਪਹੁੰਚ ਕੇ ਨਾਮ ਦੀ ਵੇਈਂ ਵਗਾਈ।
ਦੌਲਤ ਖ਼ਾਂ ਦਾ ਹੱਟ ਸੰਭਾਲ ਕੇ, ਮੋਦੀ ਬਣੇ ਸੋਹਣੀ ਕਾਰ ਚਲਾਈ।
ਭੁੱਖੇ ਨੂੰ ਭੋਜਨ ਨੰਗੇ ਨੂੰ ਬਸਤ੍ਰ, ਦੇ ਦੇ ਕੇ ਜੰਤਾ ਗ਼ਰੀਬ ਰਜਾਈ।
ਜਾਏ ਸੁਆਲੀ ਨਾ ਕੋਈ ਵੀ ਖ਼ਾਲੀ, ਮੂੰਹੋਂ ਜੋ ਮੰਗੇ ਮਿਲੇ ਦਾਤ ਸਵਾਈ।੧।
ਚੁਗਲਾਂ ਨੇ ਚੁਕ ਚੁਕ ਕੇ ਲੋਧੀ ਨੂੰ, ਹੱਟੀ ਦਾ ਲੇਖਾ ਕਰਾਇਆ ਕਈ ਵਾਰੀ।
ਜਗ-ਤਾਰਕ ਦਾਤਾਰ ਗੁਰੂ ਨਾਨਕ ਦਾ, ਵਾਧਾ ਨਿਕਲਦਾ ਰਿਹਾ ਹਰ ਵਾਰੀ।
ਸਹੰਸਰ ਗੁਣਾਂ ਹੋ ਕੇ ਦਾਨ ਫਲੇ, ਜਿਥੇ ਆਪ ਨਾਰਾਇਣ ਜੀ ਹੋਣ ਭੰਡਾਰੀ।
ਮਾਇਆ ਖੜ੍ਹੀ ਹੱਥ ਜੋੜ ਚਰਨਾਂ ਵਿਚ, ਬੱਧੀ ਹੁਕਮ ਦੀ ਕਰੇ ਇੰਤਜ਼ਾਰੀ।੨।
ਏਦਾਂ ਹੀ ਕਾਰ ਚੱਲੀ ਨਿਸਦਿਨ, ਦਸ ਸਾਲ ਦਾ ਏਥੇ ਹੀ ਸਮਾਂ ਲੰਘਾਇਆ।
"ਨਾਨਕੀ" ਭੈਣ ਤੇ ਜੀਜਾ "ਜੈ ਰਾਮ" ਨੇ, ਕੀਤਾ ਪਿਆਰ ਵਟਾਲੇ ਵਿਆਹਿਆ।
ਏਥੇ ਸ੍ਰੀ ਚੰਦ ਲਖਮੀ ਜੀ ਜਨਮੇ, ਜਿਨ੍ਹਾਂ ਹੈ ਜਗ ਵਿਚ ਬਾਬਾ ਕਹਾਇਆ।
ਦਰਸ ਨਿਰੰਕਾਰ ਦਾ ਪਾਇਆ ਇਥੇ ਹੀ,ਵੇਈਂ ਨਦੀ ਨੂੰ ਸੋਹਣਾ ਭਾਗ ਜਾ ਲਾਇਆ।੩।
ਅਨੇਕਾਂ ਹੀ ਜੀਵਾਂ ਨੂੰ ਜੀਅ-ਦਾਨ ਦਿਤਾ, ਤੇ ਏਥੇ ਭਗੀਰਥ ਜਿਹੇ ਕਈ ਉਬਾਰੇ।
ਏਥੇ ਹੀ ਮਨਸੁਖ ਚਰਨ-ਰਜ ਪਰਸੀ, ਤੇ ਹੋਈ ਮਿਹਰ ਕੀਤੇ ਰਜ ਰਜ ਦੀਦਾਰੇ।
ਏਥੇ ਹੀ ਲੋਧੀ ਤੇ ਕਾਜ਼ੀ ਦੇ ਮਨ ਦੀ, ਹਕੀਕਤ ਬੁਝੀ ਬਣ ਨਿਮਾਜ਼ੀ ਉਹ ਤਾਰੇ।
ਇਸੇ ਥਾਂ ਤੋਂ ਹੀ ਜਗ ਜਲੰਦੇ ਨੂੰ ਠਾਰਨ ਲਈ 'ਮਿੱਤਰ' ਸੀ ਬਾਬੇ ਨੇ ਕੀਤੇ ਤਿਆਰੇ।੪।

---


ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ

*ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ?*

ਨਵੀਂ ਐਡੀਸ਼ਨ ਛਪ ਗਈ ਹੈ। ਭੇਟਾ ੪–੭੫ ਰੁਪਏ


---

## ਫ਼ਰੀਦਾਬਾਦ ਵਿਖੇ ਸ੍ਰੀ ਅਖੰਡ ਪਾਠ ਤੇ ਕੀਰਤਨ ਪ੍ਰੋਗਰਾਮ

ਭਾਈ ਸਾਹਿਬ ਸੂਰਤ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਹਿ 2014, ਸੈਕਟਰ 9, ਨੇੜੇ ਮਾਰਕੀਟ, ਫ਼ਰੀਦਾਬਾਦ ਵਿਖੇ 22 ਨਵੰਬਰ ਐਤਵਾਰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈ ਰਹੇ ਹਨ। ਅਖੰਡ ਕੀਰਤਨੀ ਜਥੇ ਦੂਰ ਦੂਰ ਤੋਂ ਪੁਜ ਰਹੇ ਹਨ।




www.AKJ.Org

# ਨਨਕਾਣੇ ਦੀ ਯਾਦ

[ਵਲੋਂ :—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਪਿੰਡ ਮਾਲਬ (ਗੁੜਗਾਉਂ)

ਗੁਰੂ ਨਾਨਕ ਪ੍ਰਕਾਸ਼ ਦਿਹਾੜਾ ਜਿਉਂ ਜਿਉਂ ਨੇੜੇ ਆਵੇ।
ਤਿਉਂ ਤਿਉਂ ਸਿਕਦੇ ਮਨ ਨੂੰ ਜਨਮ-ਸਥਾਨ ਦੀ ਯਾਦ ਸਤਾਵੇ।
ਪਾਕ ਪਵਿੱਤਰ ਓਸ ਜ਼ਿਮੀਂ ਦੇ ਸਾਹਵੇਂ ਆਉਣ ਨਜ਼ਾਰੇ।
ਦਿਲ-ਖਿਚਵੇਂ ਮਨਮੋਹਣੇ ਲਗਦੇ ਮਿੱਠੇ ਪਿਆਰੇ ਪਿਆਰੇ।
ਉਹ ਸਚਖੰਡੀ ਵਾਯੂ-ਮੰਡਲ ਵਾਤਾਵਰਨ ਸੁਖਾਵਾਂ।
ਤਲਵੰਡੀ ਦੀ ਬਾਰ ਸੁਹਾਣੀ ਮਿਠੀਆਂ ਠੰਢੀਆਂ ਛਾਵਾਂ।
ਜਿਸ ਧਰਤੀ ਤੇ 'ਧੰਨ ਗੁਰੂ ਨਾਨਕ' ਬਚਪਨ ਸਮੇ ਗੁਜ਼ਾਰੇ।
'ਆਪਿ ਨਰਾਇਣੁ ਕਲਾ ਧਾਰਿ' ਕੇ ਮੱਝਾਂ ਡੰਗਰ ਚਾਰੇ।
ਜਿੱਥੇ ਸਚ ਦੇ ਸੌਦੇ ਕੀਤੇ ਸਾਧਾਂ ਤਾਈਂ ਖੁਆ ਕੇ।
ਦਿਤਾ ਆਤਮ-ਦਾਨ ਅਨੇਕਾਂ ਨੂੰ ਸਤਿਨਾਮ ਦ੍ਰਿੜਾ ਕੇ।
ਜਿਸ ਸਥਾਨ ਤੇ ਕਰੀ ਅਨੂਪਮ ਬਾਲ ਉਮਰ ਵਿਚ ਲੀਲ੍ਹਾ।
ਦਿਸਦਾ ਨਹੀਂ ਅਸਾਨੂੰ ਅੱਜ 'ਕਿਆਰਾ' ਓਹ ਰੰਗੀਲਾ।
ਜਿੱਥੇ ਪਾਂਧੇ ਤੇ ਪ੍ਰੋਹਤ ਨੂੰ ਚਾਨਣ-ਰਾਹ ਦਿਖਾਇਆ।
ਮੁਲਾਂ ਦੇ ਮਨ ਦੀ ਮਲ ਲਾਹ ਕੇ ਰੱਬੀ ਰਾਹ ਤੇ ਲਾਇਆ।
ਜਿੱਥੇ 'ਰਾਇ ਬੁਲਾਰ' ਨੂੰ ਬਖਸ਼ੀ ਮਤਿ ਬੁਧ ਸੁਰਤ ਉਚੇਰੀ।
ਜਿੱਥੇ ਪਿਤਾ ਦੀਆਂ ਝਿੜਕਾਂ ਸਹੀਆਂ, ਰੱਬ ਰੂਪ ਕਈ ਵੇਰੀ।
ਜਿੱਥੇ ਸੁੰਦਰ ਚਰਨ ਕੰਵਲਾਂ ਦੀ ਛਾਪ ਅਮਿਟਵੀਂ ਲੱਗੀ।
ਬਾਲ ਰੂਪ ਨਾਨਕ ਦੇ ਮੁਖ ਤੋਂ ਵੇਈਂ ਨਾਮ ਦੀ ਵੱਗੀ।
ਜਿੱਥੋਂ ਦਾ ਹਰ ਪੱਤਾ ਪੱਤਾ ਭੇਦ ਅਗੰਮੀ ਖੋਲ੍ਹੇ।
ਜਿੱਥੋਂ ਦਾ ਹਰ ਜ਼ੱਰਾ 'ਮਿੱਤਰ' 'ਧੰਨ ਗੁਰੂ ਨਾਨਕ' ਬੋਲੇ।
ਅੱਜ ਕੇਵਲ ਨਕਸ਼ੇ ਹੀ ਨਕਸ਼ੇ ਆਉਣ ਅੱਖੀਆਂ ਸਾਹਵੇਂ।
ਫਿਰਦੇ ਦਿਸਣ ਫ਼ਿਲਮ-ਰੀਲ ਦੇ ਵਾਂਗੂ ਓਹ ਪਰਛਾਵੇਂ।
ਕਰ ਦਿਤਾ ਮਜਬੂਰ ਸਮੇਂ ਨੇ ਜਿਹਾ ਵਰਤਿਆ ਭਾਣਾ।
ਵਾਤਾਵਰਨ ਵਿਸੂਲਾ ਬਣਿਆ, ਵਿਛੜ ਗਿਆ ਨਨਕਾਣਾ।

---

**ਪਾਠਕ ਸਜਣੋ !** ਚੰਦੇ ਖਤਮ ਹੋਣ ਦੀ ਮੋਹਰ ਜਿਸ ਪਰਚੇ ਤੇ ਮਿਲੇ, ਕ੍ਰਿਪਾ ਕਰਕੇ ਓਦੋਂ ਹੀ ਮਨੀ-ਆਰਡਰ ਭੇਜੋ ਜੀ। ਜਦੋਂ ਪਰਚਾ ਬੰਦ ਹੋ ਜਾਂਦਾ ਹੈ ਓਦੋਂ ਚੰਦਾ ਜਿਹੜੇ ਸਜਣ ਭੇਜਦੇ ਹਨ, ਰਜਿਸਟ੍ਰਾਂ ਵਿਚ ਬੜੀ ਕਟ ਵਧ ਕਰਨੀ ਪੈਂਦੀ ਹੈ। ਸੋ ਵਕਤ ਸਿਰ ਹੀ ਚੰਦਾ ਭੇਜਣ ਦੀ ਕਿਰਪਾ ਕੀਤੀ ਜਾਵੇ।

**ਚਿਟ ਨੰਬਰ**—ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ।



www.AKJ.Org

# ਗੁਰਬਾਣੀ ਵੀਚਾਰ

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥ ਪੰਚ ਧਾਤੁ ਕਰਿ ਪੁਤਲਾ ਕੀਆ ॥
ਸਾਹੈ ਕੇ ਫੁਰਮਾਇਅੜੇ ਜੀ, ਦੇਹੀ ਵਿਚਿ ਜੀਉ ਆਇ ਪਇਆ ॥੧॥
ਜਿਥੈ ਅਗਨਿ ਭਖੈ ਭੜਹਾਰੇ ॥ ਊਰਧ ਮੁਖ ਮਹਾ ਗੁਬਾਰੇ ॥
ਸਾਸਿ ਸਾਸਿ ਸਮਾਲੇ ਸੋਈ, ਓਥੈ ਖਸਮਿ ਛਡਾਇ ਲਇਆ ॥੨॥
ਵਿਚਹੁ ਗਰਭੈ ਨਿਕਲਿ ਆਇਆ ॥ ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥
ਆਵੈ ਜਾਇ ਭਵਾਈਐ ਜੋਨੀ, ਰਹਣੁ ਨ ਕਿਤ ਹੀ ਥਾਇ ਭਇਆ ॥੩॥
ਮਿਹਰਵਾਨਿ ਰਖਿ ਲਇਅਨੁ ਆਪੇ ॥ ਜੀਅ ਜੰਤ ਸਭ ਤਿਸ ਕੇ ਥਾਪੇ ॥
ਜਨਮੁ ਪਦਾਰਥੁ ਜਿਣਿ ਚਲਿਆ ਨਾਨਕ, ਆਇਆ ਸੋ ਪਰਵਾਣੁ ਥਿਆ ॥੪॥੧॥

[ਮਾਰੂ ਅੰਜੁਲੀ ਮ: ੫, ਪੰਨਾ ੧੦੦੭-੦੮

**ਪਦ ਅਰਥ** :-ਸੰਜੋਗੁ ਮਿਲਾਪ। ਵਿਜੋਗੁ-ਵਿਛੋੜਾ । ਪੰਚ ਧਾਤੁ-ਪੰਜ ਤਤ । ਸਾਹੈ ਕੇ ਫੁਰਮਾਇੜੇ-ਪ੍ਰਭੂ ਸ਼ਾਹ ਦੇ ਹੁਕਮ ਅਨੁਸਾਰ। ਭੜਹਾਰੇ-ਭੜ ਭੜ ਕਰ ਕੇ। ਊਰਧ-ਪੁੱਠਾ, ਉਲਟਾ। ਗੁਬਾਰੇ-ਅੰਨ੍ਹੇਰਾ। ਸਮਾਲੇ-ਚੇਤੇ ਕਰਦਾ ਹੈ। ਸੋਈ- ਉਸ ਪ੍ਰਭੂ ਨੂੰ । ਆਵੈ ਜਾਇ-ਆਉਂਦਾ ਜਾਂਦਾ, ਜੰਮਦਾ ਮਰਦਾ। ਰਹਣੁ-ਟਿਕਾਣਾ, ਵਾਸਾ। ਥਾਪੇ-ਬਣਾਏ ਹੋਏ, ਪੈਦਾ ਕੀਤੇ ਹੋਏ।

**ਅਰਥ** :-ਵਾਹਿਗੁਰੂ ਨਾਲ ਮਿਲਾਪ ਅਤੇ ਵਿਛੋੜਾ ਵਾਹਿਗੁਰੂ ਵਲੋਂ ਧੁਰ ਤੋਂ (ਲਿਖੇ ਲੇਖਾਂ ਅਨੁਸਾਰ) ਹੀ ਹੁੰਦਾ ਹੈ। (ਧੁਰ ਦੇ ਲੇਖਾਂ ਅਨੁਸਾਰ ਹੀ) ਪੰਜ ਤਤ ਮੇਲ ਕੇ ਸਰੀਰ ਰਚਿਆ ਜਾਂਦਾ ਹੈ। ਪਿਆਰੇ ਜੀ! ਪ੍ਰਭੂ-ਸ਼ਾਹ ਦੇ ਹੁਕਮ ਅਨੁਸਾਰ ਹੀ, ਜੀਵਾਤਮਾ ਇਸ ਦੇਹੀ ਵਿਚ ਪ੍ਰਵੇਸ਼ ਕਰਦਾ ਹੈ।੧।

ਜਿਥੇ (ਮਾਤਾ ਦੇ ਗਰਭ ਵਿਚ) ਬੜੀ ਤਿਖੀ ਅਗਨੀ ਭੜਕ ਰਹੀ ਹੁੰਦੀ ਹੈ, ਜਿਥੇ ਅਤਿ ਦੇ ਅੰਨ੍ਹੇਰੇ ਥਾਂ ਵਿਚ ਜੀਵ ਉਲਟਾ-ਮੂੰਹ, ਭਾਵ ਪੁੱਠਾ ਪਿਆ ਹੁੰਦਾ ਹੈ, (ਉਸ ਭਿਆਨਕ ਟਿਕਾਣੇ ਵਿਚ) ਜੀਵ ਇਕ ਇਕ ਸੁਆਸ ਨਾਲ ਉਸ ਵਾਹਿਗੁਰੂ ਨੂੰ ਸਿਮਰਦਾ ਹੈ, (ਜਿਸ ਕਰਕੇ) ਉਸ ਥਾਂ ਮਾਲਕ-ਪ੍ਰਭੂ (ਇਸ ਜੀਵ ਨੂੰ ਭਿਆਨਕ ਅਗਨੀ ਵਿਚੋਂ) ਬਚਾ ਲੈਂਦਾ ਹੈ।੨।

ਜਦੋਂ ਜੀਵ ਮਾਤਾ ਦੇ ਗਰਭ ਵਿਚੋਂ ਬਾਹਰ ਨਿਕਲ ਆਉਂਦਾ ਹੈ ਤਾਂ ਮਾਲਕ-ਪ੍ਰਭੂ ਨੂੰ ਵਿਸਾਰ ਕੇ ਦੁਨੀਆ (ਦੀ ਮੈਂ-ਮੇਰੀ) ਵਿਚ ਚਿਤ ਲਾ ਲੈਂਦਾ ਹੈ (ਅਤੇ ਉਸ ਵਾਹਿਗੁਰੂ ਨੂੰ ਭੁਲ ਜਾਂਦਾ ਹੈ)। (ਵਾਹਿਗੁਰੂ-ਸਿਮਰਨ ਭੁਲ ਜਾਣ ਕਰਕੇ) ਜੀਵ ਜੰਮਦਾ ਮਰਦਾ ਰਹਿੰਦਾ ਹੈ ਅਤੇ (ਵਖ ਵਖ) ਜੂਨੀਆਂ ਵਿਚ ਭਵਾਇਆ ਜਾਂਦਾ ਹੈ, ਕਿਸੇ ਥਾਂ ਸਥਿਰ ਟਿਕ ਕੇ ਰਹਿਣਾ ਨਹੀਂ ਮਿਲਦਾ।੩।

ਸਾਰੇ ਜੀਆ-ਜੰਤ ਉਸ ਵਾਹਿਗੁਰੂ ਦੇ ਪੈਦਾ ਕੀਤੇ ਹੋਏ ਹਨ। ਉਹ ਮਿਹਰਵਾਨ ਪ੍ਰਭੂ ਆਪ ਹੀ (ਸਾਰੇ ਜੀਅ-ਜੰਤਾਂ ਦੀ) ਰਖਿਆ ਕਰਦਾ ਹੈ, ਭਾਵ ਉਹ ਆਪ ਹੀ ਮਿਹਰ ਕਰਕੇ ਜੀਵਾਂ ਨੂੰ ਗਰਭ ਜੂਨੀਆਂ ਤੋਂ ਬਚਾ ਲੈਂਦਾ ਹੈ। 'ਨਾਨਕ'! ਜਿਹੜਾ ਜੀਵ ਇਹ ਮਨੁਖਾ ਜਨਮ, ਜੋ ਕਿ ਅਮੋਲਕ ਪਦਾਰਥ ਹੈ, (ਨਾਮ-ਸਿਮਰਨ ਦੀ ਕਮਾਈ ਕਰਕੇ) ਜਿਤ ਕੇ (ਪ੍ਰਭੂ ਦੀ ਹਜ਼ੂਰੀ ਵਿਚ) ਜਾਂਦਾ ਹੈ, ਉਸੇ ਦਾ ਹੀ ਇਸ ਸੰਸਾਰ ਵਿਚ ਆਉਣਾ ਪਰਵਾਨ ਪੈਂਦਾ ਹੈ।੪।

**ਭਾਵ** :-ਪ੍ਰਭੂ ਤੋਂ ਵਿਛੋੜਾ ਅਤੇ ਉਸ ਨਾਲ ਮਿਲਾਪ ਧੁਰ ਦੇ ਲਿਖੇ ਲੇਖਾਂ ਅਨੁਸਾਰ ਹੀ ਬਣਦਾ ਹੈ। ਪ੍ਰਾਣੀ ਮਾਤਾ ਦੀ ਗਰਭ-ਅਗਨੀ ਦੇ ਮਹਾਨ ਭਿਅੰਕਰ ਅਸਥਾਨ ਵਿਚ ਪ੍ਰਭੂ-ਸਿਮਰਨ ਕਰਦਾ ਹੈ, ਪ੍ਰਭੂ ਉਸ ਨੂੰ ਉਥੇ ਸੇਕ ਨਹੀਂ ਲਗਣ ਦਿੰਦਾ। ਪਰ ਜਦ ਪ੍ਰਾਣੀ ਮੈਂ-ਮੇਰੀ ਤੇ ਮਾਇਆ ਵਿਚ ਉਲਝ ਕੇ ਪ੍ਰਭੂ ਨੂੰ ਭੁਲਾ ਦਿੰਦਾ ਹੈ ਤਾਂ ਫਿਰ ਮੁੜ ਗਰਭ-ਜੋਨੀਆਂ ਦੇ ਦੁਖ ਸਹਾਰਨੇ ਪੈਂਦੇ ਹਨ। ਪ੍ਰਭੂ ਦੀ ਬਖਸ਼ਸ਼ ਨਾਲ ਹੀ ਜਿਹੜਾ ਨਾਮ-ਸਿਮਰਨ ਕਰਦਾ ਹੈ ਉਹ ਪਰਵਾਨ ਪੈ ਜਾਂਦਾ ਹੈ ਅਤੇ ਜਨਮ ਮਰਨ ਦੇ ਗੇੜ ਵਿਚੋਂ ਬਚ ਜਾਂਦਾ ਹੈ।

www.AKJ.Org

# ਸਲੋਕ ਸਹਸਕ੍ਰਿਤੀ (੯)

[ਅਰਥ ਵਿਆਖਿਆ ਵਲੋਂ ਭਾਈ ਜੁਗਿੰਦਰ ਸਿੰਘ ਜੀ ਤਲਵਾੜਾ]

**ਗੁਸਾਂਈ ਗਰਿਸ੍ਟ ਰੂਪੇਣ**
**ਸਿਮਰਣੰ ਸਰਬਤ੍ਰ ਜੀਵਣਹ ॥**
**ਲਬਧੵਂ ਸੰਤ ਸੰਗੇਣ ਨਾਨਕ**
**ਸ੍ਵਛ ਮਾਰਗ ਹਰਿ ਭਗਤਣਹ ॥੫੪॥**

**ਪਦ ਅਰਥ** :–ਗੁਸਾਂਈ–ਧਰਤੀ ਦਾ ਮਾਲਕ, ਪ੍ਰਭੂ। ਗਰਿਸ੍ਟ ਰੂਪੇਣ–ਭਾਰੀ ਤੇਜ ਪ੍ਰਤਾਪ ਵਾਲਾ। ਸਿਮਰਣੰ–ਸਿਮਰਨ। ਸਰਬਤ੍ਰ–ਸਾਰਿਆਂ ਦਾ। ਜੀਵਣਹ–ਜੀਵਨ। ਲਬਧੵਂ–ਲਭਦਾ ਹੈ। ਸੰਤ ਸੰਗੇਣ–ਸੰਤ-ਸਤਿਗੁਰੂ ਦੀ ਸੰਗਤ ਵਿਚ। ਸ੍ਵਛ–ਸਾਫ ਸੁਥਰਾ, ਨਿਰਮਲ।੫੪।

**ਅਰਥ**–ਧਰਤੀ ਦਾ ਮਾਲਕ ਪ੍ਰਭੂ ਭਾਰੀ ਤੇਜ ਪ੍ਰਤਾਪ ਵਾਲਾ ਹੈ ਅਤੇ ਉਸ ਦਾ ਸਿਮਰਨ ਸਾਰਿਆਂ ਜੀਵਾਂ ਦਾ ਜੀਵਨ-ਅਧਾਰ ਹੈ। 'ਨਾਨਕ'! ਪ੍ਰਭੂ-ਸਿਮਰਨ ਸੰਤ-ਸਤਿਗੁਰੂ ਦੀ ਸੰਗਤ ਵਿਚੋਂ ਲਭਦਾ ਹੈ ਅਤੇ ਵਾਹਿਗੁਰੂ ਦੇ ਭਗਤ ਹੀ ਭਗਤੀ ਦਾ ਨਿਰਮਲ ਮਾਰਗ ਅਪਣਾਉਂਦੇ ਹਨ।੫੪।

**ਸਾਰੰਸ਼**–ਨਾਮ ਸਿਮਰਨ ਜੀਵਨ ਦਾ ਸਹੀ ਅਧਾਰ ਤੇ ਨਿਰਮਲ ਮਾਰਗ ਹੈ। ਇਸ ਦੀ ਬਖਸ਼ਸ਼ ਸੰਤ-ਸਤਿਗੁਰੂ ਦੀ ਸੰਗਤ ਵਿਚੋਂ ਹੁੰਦੀ ਹੈ।

**ਮਸਕੰ ਭਗਨੰਤ ਸੈਲੰ**
**ਕਰਦਮੰ ਤਰੰਤ ਪਪੀਲਕਹ ॥**
**ਸਾਗਰੰ ਲੰਘੰਤਿ ਪਿੰਗੰ**
**ਤਮ ਪਰਗਾਸ ਅੰਧਕਹ ॥**
**ਸਾਧ ਸੰਗੇਣਿ ਸਿਮਰੰਤ ਗੋਬਿੰਦ ॥**
**ਸਰਣਿ ਨਾਨਕ ਹਰਿ ਹਰਿ ਹਰੇ ॥੫੫॥**

**ਪਦ ਅਰਥ** :–ਮਸਕੰ–ਮੱਛਰ। ਭਗਨੰਤ–ਭੰਨਦਾ ਹੈ। ਸੈਲੰ–ਪੱਥਰ, ਪਹਾੜ। ਕਰਦਮੰ–ਚਿੱਕੜ। ਤਰੰਤ–ਤਰਦੀ ਹੈ। ਪਪੀਲਕਹ–ਕੀੜੀ। ਸਾਗਰੰ–ਸਮੁੰਦਰ। ਲੰਘੰਤਿ–ਲੰਘਦਾ ਹੈ। ਪਿੰਗੰ–ਪਿੰਗਲਾ, ਲੂਲ੍ਹਾ। ਤਮ–ਹਨੇਰਾ। ਪਰਗਾਸ–ਪ੍ਰਕਾਸ਼, ਚਾਨਣ। ਅੰਧਕਹ–ਅੰਨ੍ਹੇ ਮਨੁੱਖ ਨੂੰ। ਸਾਧ ਸੰਗੇਣ–ਸਾਧ ਸੰਗਤ ਵਿਚ।੫੫।

(ਇਸ ਸਲੋਕ ਦੇ ਅਰਥ ਹੇਠਲੀਆਂ ਦੋ ਤੁਕਾਂ ਤੋਂ ਚੁਕੇ ਗਏ ਹਨ)

**ਅਰਥ** :–'ਨਾਨਕ'! ਸਾਧ ਸੰਗਤ ਵਿਚ ਜੁੜ ਕੇ, ਵਾਹਿਗੁਰੂ ਦੀ ਓਟ ਲੈ ਕੇ ਉਸ ਦਾ ਨਿਰੰਤਰ ਸਿਮਰਨ ਕਰਨ ਨਾਲ (ਮਨੁੱਖ ਵਿਚ ਅਨੰਤ ਸ਼ਕਤੀ ਆ ਜਾਂਦੀ ਹੈ, ਜਿਸ ਸਦਕਾ ਉਹ ਅਦਭੁਤ ਕਾਰਨਾਮੇ ਕਰਨ ਦੇ ਸਮਰੱਥ ਹੋ ਜਾਂਦਾ ਹੈ, ਜਿਵੇਂ) :–

ਮੱਛਰ ਪਹਾੜ ਨੂੰ ਤੋੜ ਦੇਵੇ, ਕੀੜੀ ਚਿੱਕੜ ਵਿਚੋਂ ਤਰ ਕੇ ਲੰਘ ਜਾਵੇ, ਪਿੰਗਲਾ ਸਮੁੰਦਰ ਪਾਰ ਕਰ ਜਾਵੇ ਅਤੇ ਅੰਨ੍ਹੇ ਪੁਰਸ਼ ਨੂੰ ਅੰਨ੍ਹੇਰੇ ਵਿਚ ਪ੍ਰਕਾਸ਼ ਹੋ ਜਾਵੇ।੫੫।

**ਸਾਰੰਸ਼** :–ਪ੍ਰਭੂ ਦੀ ਓਟ ਲੈ ਕੇ ਸਾਧ ਸੰਗਤ ਵਿਚ ਸਿਮਰਨ ਕਰਨ ਨਾਲ ਤੁੱਛ ਜਿੰਦਾਂ ਵੀ ਅਦਭੁਤ ਕਾਰਨਾਮੇ ਕਰਨ ਦੇ ਸਮਰੱਥ ਹੋ ਜਾਂਦੀਆਂ ਹਨ। ਜਿਵੇਂ ਗੁਰਵਾਕ–

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥



www.AKJ.Org

ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤ ॥੧॥
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥੧॥ਰਹਾਉ॥ [ਬਿਲਾਵਲੁ ਮ: ੫–੮੦੯

**ਤਿਲਕ ਹੀਣੰ ਜਥਾ ਬਿਪ੍ਰਾ ॥**
**ਅਮਰ ਹੀਣੰ ਜਥਾ ਰਾਜਨਹ ॥**
**ਆਵਧ ਹੀਣੰ ਜਥਾ ਸੂਰਾ ॥**
**ਨਾਨਕ ਧਰਮ ਹੀਣੰ ਤਥਾ ਬੈਸ੍ਨਵਹ ॥੫੬॥**

**ਪਦ ਅਰਥ** :–ਹੀਣੰ–ਬਿਨਾਂ, ਖ਼ਾਲੀ। ਜਥਾ–ਜਿਵੇਂ। ਬਿਪ੍ਰਾ–ਪੰਡਤ, ਬ੍ਰਾਹਮਣ। ਅਮਰ–ਹੁਕਮ। ਰਾਜਨਹ–ਰਾਜਾ। ਆਵਧ–ਸ਼ਸਤਰ। ਸੂਰਾ–ਸੂਰਮਾ, ਜੋਧਾ। ਤਥਾ–ਤਿਵੇਂ। ਬੈਸ੍ਨਵਹ–ਵਿਸ਼ਨ (ਪ੍ਰਭੂ) ਦਾ ਭਗਤ।੫੬।

**ਅਰਥ** :–ਤਿਲਕ (ਮੱਥੇ ਦਾ ਟਿੱਕਾ) ਤੋਂ ਵਿਰਵਾ ਜਿਵੇਂ (ਕੋਈ) ਬ੍ਰਾਹਮਣ ਹੋਵੇ, ਹੁਕਮ ਦੀ ਸਮਰੱਥਾ ਤੋਂ ਵਾਂਜਾ ਜਿਵੇਂ ਰਾਜਾ ਹੋਵੇ ਅਤੇ ਸ਼ਸਤਰ ਤੋਂ ਖ਼ਾਲੀ ਜਿਵੇਂ ਸੂਰਮਾ ਹੋਵੇ (ਤਾਂ ਉਹ ਕਿਸੇ ਲੇਖੇ ਨਹੀਂ)। 'ਨਾਨਕ' ! ਧਰਮ ਤੋਂ ਖ਼ਾਲੀ ਪ੍ਰਭੂ-ਭਗਤ ਵੀ ਤਿਵੇਂ ਹੀ (ਕਿਸੇ ਲੇਖੇ ਨਹੀਂ) ਹੈ,।੫੬।

**ਸਾਰੰਸ਼** :–ਪ੍ਰਭੂ ਦੇ ਭਗਤ ਲਈ ਧਰਮ ਦਾ ਧਾਰਨੀ ਹੋਣਾ ਮੁਢਲੀ ਸ਼ਰਤ ਹੈ।

**ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ॥**
**ਅਸ੍ਚਰਜ ਰੂਪੰ ਰਹੰਤ ਜਨਮੰ ॥**
**ਨੇਤ ਨੇਤ ਕਥੰਤਿ ਬੇਦਾ ॥**
**ਊਚ ਮੂਚ ਅਪਾਰ ਗੋਬਿੰਦਹ ॥**
**ਬਸੰਤਿ ਸਾਧ ਰਿਦਯੰ ਅਚੁਤ ॥**
**ਬੁਝੰਤਿ ਨਾਨਕ ਬਡ ਭਾਗੀਅਹ ॥੫੭॥**

**ਪਦ ਅਰਥ** :–ਸੰਖੰ–ਸੰਖ (ਵਜਾਣ ਵਾਲਾ)। ਚਕ੍ਰੰ–ਚਕਰ। ਗਦਾ–ਮੁਗਦਰ। ਸਿਆਮੰ–ਸਾਂਵਲਾ (ਕਾਲਾ) ਰੰਗ। ਅਸ੍ਚਰਜ–ਅਭੁਦਤ। ਰਹੰਤ–ਰਹਿਤ। ਜਨਮੰ–ਜਨਮ ਲੈਣ ਤੋਂ। ਨੇਤ ਨੇਤ–ਨ ਇਤਿ, ਨ ਇਤਿ, ਨਹੀਂ ਹੈ ਉਸ ਜਿਡਾ ਹੋਰ ਕੋਈ। ਕਥੰਤਿ–ਕਥਦੇ ਹਨ। ਊਚ ਮੂਚ–ਉਚਾ ਤੇ ਵੱਡਾ। ਅਪਾਰ–ਜਿਸ ਦਾ ਪਾਰਾਵਾਰ ਨਾ ਲਭ ਸਕੇ। ਬਸੰਤਿ–ਵਸਦਾ ਹੈ। ਅਚੁਤ–ਅਬਿਨਾਸ਼ੀ ਪ੍ਰਭੂ ਦਾ ਨਾਮ। ਬੁਝੰਤਿ–ਬੁਝਦੇ ਹਨ। ਬਡਭਾਗੀਅਹ–ਵੱਡਿਆਂ ਭਾਗਾਂ ਵਾਲੇ।੫੭।

**ਅਰਥ** :–(ਨਿਰਗੁਣ ਪ੍ਰਭੂ ਦਾ ਚਿਹਨ) ਨਾ ਸੰਖ ਹੈ, ਨਾ ਚੱਕਰ ਹੈ, ਨਾ ਗਦਾ ਹੈ, ਨਾ ਸਿਆਮ ਰੰਗ ਹੈ। ਉਹ ਅਸਚਰਜ ਰੂਪ ਵਾਲਾ ਹੈ ਅਤੇ ਜਨਮ ਮਰਨ ਤੋਂ ਮੁਕਤ ਹੈ। ਵੇਦ ਉਸ ਨੂੰ ਨੇਤ ਨੇਤ ਕਰ ਕੇ ਬਿਆਨ ਕਰਦੇ ਹਨ (ਭਾਵ, ਵੇਦ ਕਹਿੰਦੇ ਹਨ ਕਿ ਉਸ ਜਿਡਾ ਹੋਰ ਕੋਈ ਨਹੀਂ। ਉਹ ਗੋਬਿੰਦ ਬਹੁਤ ਹੀ ਉੱਚਾ ਤੇ ਵੱਡਾ ਹੈ ਅਤੇ ਉਸ ਦਾ ਕੋਈ ਪਾਰਾਵਾਰ ਨਹੀਂ। ਉਹ ਅਬਿਨਾਸ਼ੀ ਪ੍ਰਭੂ ਸੰਤਾਂ ਦੇ ਹਿਰਦੇ ਵਿਚ ਵਸਦਾ ਹੈ। 'ਨਾਨਕ' ! ਵੱਡੇ ਭਾਗਾਂ ਵਾਲੇ ਬੰਦੇ ਹੀ (ਇਹ ਤੱਤ-ਸਾਰ) ਸਮਝਦੇ ਹਨ।੫੭।

**ਸਾਰੰਸ਼** :–ਨਿਰਗੁਣ ਪ੍ਰਭੂ ਦਾ ਕੋਈ ਚਿਹਨ ਚਕਰ ਨਹੀਂ। ਉਹ ਅਦੁਤੀ ਹੈ। ਅਜਿਹਾ ਦਿਬ-ਜੋਤੀਸ਼ਵਰ ਪ੍ਰਭੂ ਸਤ-ਪੁਰਸ਼ਾਂ ਦੇ ਹਿਰਦੇ ਵਿਚ ਨਿਵਾਸ ਰਖਦਾ ਹੈ।

---

**ਪਾਠਕਾਂ ਲਈ**–ਅਸੀਂ ਸਤੰਬਰ ਦੇ 'ਸੂਰਾ' ਵਿਚ ਲਿਖਿਆ ਸੀ ਕਿ "ਰਾਗ ਮਾਲਾ ਨਿਰਣਯ" ਪੁਸਤਕ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਛਾਪ ਦਿਤੀ ਹੈ। ਇਸ ਬਾਰੇ ਸਾਨੂੰ ਪੁਛ ਗਿਛ ਕਰਨ ਦੀ ਥਾਂ ਉਨ੍ਹਾਂ ਨੂੰ ਲਿਖ ਕੇ ਪੁਸਤਕ ਮੰਗਵਾ ਲਓ।


www.AKJ.Org

ਉਦਿਆਨ ਬਸਨੰ ਸੰਸਾਰੰ
ਸਨਬੰਧੀ ਸ੍ਵਾਨ ਸਿਆਲ ਖਰਹ ॥
ਬਿਖਮ ਸਥਾਨ ਮਨ ਮੋਹ ਮਦਿਰੰ ॥
ਮਹਾਂ ਅਸਾਧ ਪੰਚ ਤਸਕਰਹ ॥
ਹੀਤ ਮੋਹ ਭੈ ਭਰਮ ਭ੍ਰਮਣੰ
ਅਹੰ ਫਾਂਸ ਤੀਖ੍ਯਣ ਕਠਿਨਹ ॥
ਪਾਵਕ ਤੋਅ ਅਸਾਧ ਘੋਰੰ
ਅਗਮ ਤੀਰ ਨਹ ਲੰਘਨਹ ॥
ਭਜੁ ਸਾਧ ਸੰਗਿ ਗੋੁਪਾਲ ਨਾਨਕ
ਹਰਿ ਚਰਣ ਸਰਣ ਉਧਰਣ ਕ੍ਰਿਪਾ ॥੫੮॥

**ਪਦ ਅਰਥ** :—ਉਦਿਆਨ—ਉਜਾੜ, ਜੰਗਲ। ਬਸਨੰ—ਬਸੇਗਾ। ਸਨਬੰਧੀ—ਸਾਥੀ। ਸ੍ਵਾਨ--ਕੁੱਤੇ। ਸਿਆਲ—ਗਿੱਦੜ। ਖਰਹ--ਖੋਤੇ। ਬਿਖਮ ਸਥਾਨ-ਬਿਖੜਾ ਥਾਂ। ਮਦਿਰੰ—ਨਸ਼ਾ। ਅਸਾਧ--ਨਾ ਜਿਤੇ ਜਾ ਸਕਣ ਵਾਲੇ। ਤਸਕਰਹ—ਚੋਰ। ਹੀਤ—ਹਿਤੂ। ਭੈ--ਡਰ। ਭ੍ਰਮਣੰ--ਭਟਕ ਰਿਹਾ ਹੈ। ਅਹੰ ਫਾਂਸ--ਹਉਮੈ ਦੀ ਫਾਹੀ। ਤੀਖ੍ਯਣ--ਤਿਖੀ। ਕਠਿਨਹ--ਔਖੀ, ਬਿਖੜੀ। ਪਾਵਕ ਤੋਅ--ਪਾਣੀ ਦੀ ਥਾਂ ਤ੍ਰਿਸ਼ਨਾ ਦੀ ਅੱਗ। ਅਸਾਧ—ਜੋ ਸਾਧੀ ਨਾ ਜਾ ਸਕੇ, ਭਾਵ ਨ ਬੁਝਾਈ ਜਾ ਸਕਣ ਵਾਲੀ। ਘੋਰੰ—ਘਮਸਾਣ ਦੀ। ਅਗਮ ਤੀਰ--ਕਿਨਾਰੇ ਪਹੁੰਚ ਤੋਂ ਪਰੇ ਹਨ। ਭਜੁ--ਭਜਣਾ ਕਰ। ਉਧਰਣ--ਉਧਾਰ, ਪਾਰ-ਉਤਾਰਾ।੫੮।

**ਅਰਥ** :--ਮਾਇਕੀ ਸੰਸਾਰ (ਜੋ ਵੇਖਣ ਨੂੰ ਬੜਾ ਸੁਹਾਵਣਾ ਤੇ ਰਮਣੀਕ ਜਾਪਦਾ ਹੈ, ਅਸਲ ਵਿਚ) ਉਜਾੜ ਦਾ ਵਾਸਾ ਹੈ, ਇਸ ਵਿਚ ਕੁੱਤੇ, ਗਿੱਦੜ ਅਤੇ ਖੋਤੇ (ਵਾਲੇ ਸੁਭਾਅ) ਜੀਵ ਦੇ ਸਾਥੀ ਹਨ। ਮਨ ਨੂੰ ਮਾਇਆ ਦੇ ਮੋਹ ਦਾ ਨਸ਼ਾ ਚੜ੍ਹਿਆ ਹੋਇਆ ਹੈ, ਨਾ ਸਾਧੇ ਜਾ ਸਕਣ ਵਾਲੇ ਮਹਾਂ ਬਲੀ ਕਾਮਾਦਿਕ ਪੰਜ ਚੋਰਾਂ ਕਰਕੇ ਸੰਸਾਰ ਬਿਖੜਾ ਥਾਂ ਬਣਿਆ ਪਿਆ ਹੈ। ਸੰਸਾਰਕ ਹਿਤੂਆਂ ਦੇ ਮੋਹ ਕਰਕੇ, ਡਰ ਤੇ ਤੌਖਲਿਆਂ ਦੇ ਕਾਰਨ ਜੀਵ ਭਟਕਦਾ ਰਹਿੰਦਾ ਹੈ, ਹੰਕਾਰ ਦੀ ਤਿਖੀ ਤੇ ਦੁਖਦਾਈ ਫਾਹੀ ਇਸ ਦੇ ਗਲ ਵਿਚ ਪਈ ਹੋਈ ਹੈ।

(ਇਸ ਸੰਸਾਰ-ਸਾਗਰ ਵਿਚ) ਪਾਣੀ ਦੀ ਥਾਵੇਂ ਨਾ ਬੁਝਾਏ ਜਾ ਸਕਣ ਵਾਲੀ (ਤ੍ਰਿਸ਼ਨਾ ਦੀ) ਭਿਆਨਕ ਅੱਗ ਮਚ ਰਹੀ ਹੈ। ਸਾਗਰ ਦਾ ਕੰਢਾ ਪਹੁੰਚ ਤੋਂ ਬਾਹਰ ਹੈ, ਇਸ ਤੋਂ ਪਾਰ ਲੰਘਿਆ ਨਹੀਂ ਜਾ ਸਕਦਾ।

'ਨਾਨਕ'! ਸਾਧ ਸੰਗਤ ਵਿਚ ਜੁੜ ਕੇ ਗੋਪਾਲ ਦਾ ਭਜਨ ਕਰ। ਇੰਜ ਹਰੀ ਦੀ ਚਰਨ ਸ਼ਰਨ ਲੈਣ ਨਾਲ ਅਤੇ ਉਸ ਦੀ ਕਿਰਪਾ ਦੁਆਰਾ ਹੀ ਸੰਸਾਰ-ਸਾਗਰ ਤੋਂ ਉਧਾਰ ਹੋ ਸਕਦਾ ਹੈ।੫੮।

**ਸਾਰੰਸ਼** :—ਮਾਇਕੀ ਸੰਸਾਰ ਵਿਚ ਜੀਵ ਉਤੇ ਪਸ਼ੂ-ਬਿਰਤੀਆਂ ਹਾਵੀ ਰਹਿੰਦੀਆਂ ਹਨ। ਸਰੀਰਕ ਚਸਕੇ ਤੇ ਵਿਕਾਰ ਮਨੁੱਖ ਦੀ ਸਤਿਆ ਖੀਣ ਕਰ ਦਿੰਦੇ ਹਨ ਤੇ ਸੰਸਾਰ ਉਸ ਲਈ ਇਕ ਉਜਾੜ ਥਾਂ ਬਣ ਜਾਂਦਾ ਹੈ। ਸੰਸਾਰ-ਸਾਗਰ ਤੋਂ ਪਾਰ-ਉਤਾਰੇ ਦਾ ਇਕੋ ਤਰੀਕਾ ਹੈ, ਤੇ ਉਹ ਇਹ ਕਿ ਸਾਧ ਸੰਗਤ ਵਿਚ ਜੁੜ ਕੇ, ਪ੍ਰਭੂ ਦੀ ਓਟ ਲੈ ਕੇ ਉਸ ਦਾ ਭਜਨ ਕੀਤਾ ਜਾਵੇ।

ਕ੍ਰਿਪਾ ਕਰੰਤ ਗੋਬਿੰਦ ਗੋਪਾਲਹ
ਸਗਲ੍ਯੰ ਰੋਗ ਖੰਡਣਹ ॥

---

**ਪੰਚਾਂ ਦਾ ਹੁਕਮ—** ਫ਼ਰਵਰੀ 1978 ਦੇ 'ਸੂਰਾ' ਵਿਚ ਪੰਚਾਂ ਦਾ ਇਕ ਹੁਕਮ ਛਪਿਆ ਸੀ। ਉਸ ਮੁਤਾਬਕ ਭਾਈ ਪ੍ਰੀਤਮ ਸਿੰਘ, ਕੁਆਟਰ 1174, ਸੈਕਟਰ 18-ਸੀ, ਚੰਡੀਗੜ੍ਹ ਨੇ ਪੰਚਾਂ ਦੇ ਦਿਲੀ ਸਮਾਗਮ ਵਿਚ ਪੇਸ਼ ਹੋ ਕੇ ਭੁਲ ਬਖ਼ਸ਼ਵਾ ਲਈ ਹੈ।



www.AKJ.Org

ਸਾਧ ਸੰਗੇਣਿ ਗੁਣ ਰਮਤ ਨਾਨਕ
ਸਰਣਿ ਪੂਰਨ ਪਰਮੇਸੁਰਹ ॥੫੯॥

**ਪਦ ਅਰਥ** :–ਕਰੰਤ–ਕਰਦਾ ਹੈ । ਸਗਲੰ–ਸਾਰੇ । ਖੰਡਣਹ–ਨਾਸ ਹੋ ਜਾਂਦੇ ਹਨ । ਸਾਧ ਸੰਗੇਣਿ–ਸਾਧ ਸੰਗਤ ਵਿਚ । ਰਮਤ–ਉਚਾਰਦਾ ਹੈ ॥੫੯॥

**ਅਰਥ** :–'ਨਾਨਕ' ! ਗੋਬਿੰਦ ਗੋਪਾਲ (ਵਾਹਿਗੁਰੂ) ਜਿਸ ਜੀਵ ਉਤੇ ਕਿਰਪਾ ਕਰਦਾ ਹੈ, ਉਸਦੇ ਸਾਰੇ ਰੋਗ ਨਾਸ ਹੋ ਜਾਂਦੇ ਹਨ । ਫਿਰ ਉਹ ਸਾਧ ਸੰਗਤ ਵਿਚ ਜੁੜ ਕੇ ਪੂਰਨ ਪਰਮੇਸਰ ਦੀ ਓਟ ਲੈ ਕੇ (ਜੀਵਨ ਪ੍ਰਯੰਤ) ਪ੍ਰਭੂ ਦੇ ਗੁਣ ਗਾਇਨ ਕਰਦਾ ਰਹਿੰਦਾ ਹੈ ।੫੯।

**ਸਾਰੰਸ਼**–ਪ੍ਰਭੂ ਦੀ ਕਿਰਪਾ ਸਦਕਾ ਹੀ ਜੀਵ ਨੂੰ ਸਾਧ ਸੰਗਤ ਅਤੇ ਸਿਫਤ-ਸਲਾਹ ਦੀ ਦਾਤਿ ਪ੍ਰਾਪਤ ਹੁੰਦੀ ਹੈ ।

ਸਿਆਮਲੰ ਮਧੁਰ ਮਾਨੁਖੵੰ
ਰਿਦਯੰ ਭੂਮਿ ਵੈਰਣਹ ॥
ਨਿਵੰਤਿ ਹੋਵੰਤਿ ਮਿਥਿਆ
ਚੇਤਨੰ ਸੰਤ ਸ੍ਵਜਨਹ ॥੬੦॥

**ਪਦ ਅਰਥ** :--ਸਿਆਮਲੰ–ਸਿਆਮ ਦੇ ਰੰਗ ਵਾਲਾ, ਸੁੰਦਰ । ਮਧੁਰ–ਮਿੱਠ-ਬੋਲਾ । ਮਾਨੁਖੰ–ਜੀਵ । ਰਿਦਯੰ ਭੂਮਿ–ਹਿਰਦੇ ਰੂਪੀ ਧਰਤੀ । ਵੈਰਣਹ–ਵੈਰ । ਨਿਵੰਤਿ–ਨਿਊਣਾ । ਹੋਵੰਤਿ–ਹੁੰਦਾ ਹੈ । ਮਿਥਿਆ–ਝੂਠ, ਫ਼ਰੇਬ । ਚੇਤਨੰ–ਚੇਤੰਨ, ਸਾਵਧਾਨ । ਸ੍ਵਜਨਹ–ਭਲੇ ਪੁਰਸ਼ ।੬੦।

**ਅਰਥ** :--ਕੋਈ ਮਨੁੱਖ ਬਾਹਰੋਂ ਦਿਸਣ ਨੂੰ ਸਿਆਮ-ਰੰਗਾ, ਭਾਵ, ਸੁੰਦਰ ਹੋਵੇ ਅਤੇ ਮਿੱਠ-ਬੋਲਾ ਵੀ ਹੋਵੇ, ਪਰ ਜੇਕਰ ਉਸ ਦੀ ਹਿਰਦੇ-ਭੂਮੀ ਵਿਚ ਵੈਰ-ਭਾਵਨਾ ਹੋਵੇ ਤਾਂ ਉਸ ਦਾ ਨੀਵਾਂ ਹੋ ਹੋ ਪੈਣਾ ਨਿਰਾ ਫ਼ਰੇਬ ਹੁੰਦਾ ਹੈ । ਪ੍ਰਭੂ ਦੇ ਭਲੇ ਪੁਰਸ਼ਾਂ ਸੰਤ ਜਨਾਂ ਨੂੰ (ਅਜਿਹੇ ਕਪਟੀ ਸੁਭਾ ਵਾਲੇ ਪੁਰਸ਼ਾਂ ਤੋਂ ਸਦਾ) ਚੇਤੰਨ, ਅਥਵਾ, ਸਾਵਧਾਨ ਰਹਿਣਾ ਚਾਹੀਦਾ ਹੈ ।੬੦।

**ਸਾਰੰਸ਼** :–ਕਪਟੀ ਤੇ ਪਖੰਡੀ ਪੁਰਖਾਂ ਤੋਂ ਸਦਾ ਸਾਵਧਾਨ ਰਹਿਣਾ ਚਾਹੀਦਾ ਹੈ । ਗੁਰਵਾਕ–

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥ ਪੰਨਾ ੪੮੮

---

## ਗੁਰੂ ਨਾਨਕ ਪ੍ਰਗਟਿਆ

[ਸ: ਸਰੂਪ ਸਿੰਘ ਜੀ ਦਰਵੇਸ਼ ਵਲੋਂ ਕਿਸੇ ਕਵੀ ਦੇ ਦੋ ਬੰਦ]

ਪੀਰਾਂ ਨੂੰ ਮੁਰੀਦਾਂ ਦਾ, ਮੁਰੀਦਾਂ ਨੂੰ ਪਿਆਰ ਪੀਰਾਂ, ਪਲ ਨਾ ਰਹਿਣ ਬਾਝ ਕੀਤਿਆਂ ਦੀਦਾਰਾ ਏ ।
ਨਾਰਾਂ ਤਾਈਂ ਪਤੀਆਂ ਦਾ, ਪਤੀਆਂ ਨੂੰ ਪਤਨੀ ਦਾ, ਹੋਵੇ ਖੁਸ਼ਹਾਲ ਵੇਖ ਮੋਹਣੀ ਸ਼ਿੰਗਾਰਾ ਏ ।
ਅਮਲੀ ਨੂੰ ਅਮਲੀ ਦਾ, ਭਰਮੀ ਨੂੰ ਰਮਲੀ ਦਾ, ਜੂਏ ਦਾ ਜੁਆਰੀ, ਚੋਰੀ ਚੋਰ ਦਾ ਗੁਜ਼ਾਰਾ ਏ ।
ਗੋਪੀਆਂ ਨੂੰ ਕਾਨ੍ਹ ਜਿਵੇਂ, ਭਿੱਛਕ ਨੂੰ ਦਾਨ ਜਿਵੇਂ, ਤਿਵੇਂ ਅਸਾਂ ਤਾਈਂ ਗੁਰੂ ਨਾਨਕ ਪਿਆਰਾ ਏ ।੧।
ਚੰਦ ਨੂੰ ਚਕੋਰ ਅਤੇ ਚਕਵੀ ਨੂੰ ਸੂਰ ਜਿਵੇਂ, ਦੇਖੇ ਬਿਨਾ ਜੀਂਵਦੇ ਨਾ ਤਿਨ੍ਹਾਂ ਚਮਕਾਰਾ ਏ ।
ਕਾਮੀਆਂ ਨੂੰ ਕਾਮਨੀ ਦਾ, ਮੋਰ ਤਾਈਂ ਦਾਮਨੀ ਦਾ, ਧਨੀ ਤਾਈਂ ਜਾਮਨੀ ਡਾਢਾ ਹੀ ਸਹਾਰਾ ਏ ।
ਭੰਗੀਆਂ ਨੂੰ ਭੰਗ ਦਾ, ਸਵਾਰ ਨੂੰ ਤੁਰੰਗ ਜਿਵੇਂ, ਸੂਰਮੇ ਨੂੰ ਜੰਗ ਵੇਖ ਹੌਸਲਾ ਕਰਾਰਾ ਏ ।
ਸੋਹਣੀ ਮਹੀਂਵਾਲ ਨੂੰ, ਪਦਾਰਥ ਕੰਗਾਲ ਜਿਵੇਂ, ਤਿਵੇਂ ਅਸਾਂ ਤਾਈਂ ਗੁਰੂ ਨਾਨਕ ਪਿਆਰਾ ਏ ।੨।

---

**ਭਾਈ ਸਾਹਿਬ ਕੁਲਵੰਤ ਸਿੰਘ ਦਾ ਐਡਰੈਸ ਹੁਣ ਇਉਂ ਹੈ–**
**40, ਸਾਊਥਹਾਲ ਕੋਰਟ, ਲੇਡੀ ਮਾਰਗਰੇਟ ਰੋਡ, ਸਾਊਥਹਾਲ, ਮਿਡਲੈਕਸ, ਯੂ.ਕੇ.**

www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਸਕਾਲਰਸ਼ਿਪ

ਇਸ ਸਕਾਲਰਸ਼ਿਪ ਦੀ ਮਹੱਤਤਾ ਬਾਰੇ ਸਤੰਬਰ 1981 ਦੇ 'ਸੂਰਾ' ਪਰਚੇ ਰਾਹੀਂ ਸੰਗਤਾਂ ਨੂੰ ਜਾਣਕਾਰੀ ਦਿਤੀ ਗਈ ਸੀ। ਇਸ ਸੰਬੰਧ ਵਿਚ ਦੁਸਹਿਰਾ ਸਮਾਗਮ ਤੇ ਦਿਲੀ ਵਿਖੇ ਬੋਰਡ ਦੀ ਮੀਟਿੰਗ ਹੋਈ। ਬੋਰਡ ਦੇ ਮੈਂਬਰਾਂ ਤੋਂ ਇਲਾਵਾ ਹੋਰ ਵੀ ਕੁਝ ਪਤਵੰਤੇ ਸਜਣਾਂ ਨੇ ਭਾਗ ਲਿਆ। ਤੱਤ ਗੁਰਮਤਿ ਦੇ ਪਰਚਾਰ ਲਈ ਉਠਾਏ ਜਾਣ ਵਾਲੇ ਇਸ ਠੋਸ ਕਦਮ ਦੀ ਸ਼ਲਾਘਾ ਕੀਤੀ ਗਈ ਅਤੇ ਇਹ ਸਕੀਮ ਅਸੂਲੀ ਤੌਰ ਤੇ ਪਰਵਾਨ ਕੀਤੀ ਗਈ। ਸੰਗਤਾਂ ਵਿਚ ਇਸ ਸੰਬੰਧੀ ਉਤਸ਼ਾਹ ਵੇਖਕੇ ਫੈਸਲਾ ਹੋਇਆ ਕਿ ਅਪ੍ਰੈਲ 1982 ਤੋਂ ਹਰ ਸਾਲ ਹੀ (ਇਕ ਇਕ ਸਾਲ ਵਾਸਤੇ) ਸੌ ਸੌ ਰੁਪਏ ਮਹੀਨੇ ਦੇ ਦਸ ਸਕਾਲਰਸ਼ਿਪ ਰਹਿਤ ਬਹਿਤ ਵਾਲੇ ਅੰਮ੍ਰਿਤਧਾਰੀ ਬੱਚੇ ਬੱਚੀਆਂ ਲਈ ਜਾਰੀ ਕੀਤੇ ਜਾਇਆ ਕਰਨ। ਇਸ ਨਮਿਤ ਤਿੰਨ ਗੁਰਮੁਖ ਸਜਣਾਂ ਵਲੋਂ ਕ੍ਰਮਵਾਰ ਇਕ, ਦੋ ਅਤੇ ਪੰਜ ਸਕਾਲਰਸ਼ਿਪਾਂ ਲਈ ਮਾਇਆ ਭੇਟ ਕਰਨ ਦੀ ਸੂਚਨਾ ਪ੍ਰਾਪਤ ਹੋਈ ਹੈ। ਜਿਉਂ ਜਿਉਂ ਹੋਰ ਮਾਇਆ ਆਉਂਦੀ ਗਈ ਤਿਉਂ ਤਿਉਂ ਸਕਾਲਰਸ਼ਿਪਾਂ ਦੀ ਗਿਣਤੀ ਵਧਾ ਦਿਤੀ ਜਾਵੇਗੀ।

ਇਹ ਦਸ ਸਕਾਲਰਸ਼ਿਪ ਹੇਠ ਲਿਖੇ ਅਨੁਸਾਰ ਦੇਣੇ ਨੀਯਤ ਕੀਤੇ ਗਏ ਹਨ :-

| | |
|---|---|
| ਅਠਵੀਂ ਤੋਂ ਦਸਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ | 2 |
| ਪੰਦਰ੍ਹਵੀਂ ਤੇ ਸੋਲ੍ਹਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ | 2 |
| ਗਿਆਰਵੀਂ ਤੇ ਚੌਧਵੀਂ ਜਮਾਤਾਂ ਦੇ ਵਿਦਿਆਰਥੀਆਂ ਲਈ | 6 |

ਮਿਸ਼ਨਰੀ ਕਾਲਜਾਂ ਅਤੇ ਸਕੂਲਾਂ ਦੇ ਬੱਚੇ ਬੱਚੀਆਂ ਇਸ ਵਿਚ ਭਾਗ ਨਹੀਂ ਲੈ ਸਕਦੇ, ਕਿਉਂਕਿ ਉਨ੍ਹਾਂ ਨੂੰ ਮਿਸ਼ਨਰੀ ਕਾਲਜ ਵਲੋਂ ਅਗੇ ਮਾਇਕ ਸਹਾਇਤਾ ਦਿਤੀ ਜਾਂਦੀ ਹੈ।

ਭਾਰਤ ਭਰ ਦੇ ਸਮੂਹ ਕਾਲਜਾਂ ਤੇ ਸਕੂਲਾਂ ਦੇ ਵਿਦਿਆਰਥੀ ਅਤੇ ਵਿਦਿਆਰਥਣਾਂ ਇਸ ਮੁਕਾਬਲੇ ਵਿਚ ਭਾਗ ਲੈ ਸਕਦੇ ਹਨ। ਇਸ ਸੰਬੰਧੀ ਦਰਖ਼ਾਸਤਾਂ ਭੇਜਣ ਦੀ ਪੂਰੀ ਜਾਣਕਾਰੀ 'ਸੂਰਾ' ਪਰਚਾ ਰਾਹੀਂ ਦਿਤੀ ਜਾਏਗੀ। ਇਸ ਸਕਾਲਰਸ਼ਿਪ ਸੰਬੰਧੀ ਹੋਰ ਚੰਗੇ ਵਿਚਾਰ ਧੰਨਵਾਦ ਸਹਿਤ ਧਿਆਨ ਗੋਚਰੇ ਰਖੇ ਜਾਣਗੇ। ਜਿਹੜੇ ਹੋਰ ਸਜਣ ਇਸ ਮੰਤਵ ਲਈ ਮਾਇਆ ਭੇਜਣੀ ਚਾਹੁਣ ਉਹ ਅਖੰਡ ਕੀਰਤਨੀ ਜਥੇ ਦੇ ਸੇਵਿੰਗ ਅਕਾਊਂਟ ਨੰਬਰ 10950/42 ਪੰਜਾਬ ਸਿੰਧ ਬੈਂਕ ਹਾਲ ਬਜ਼ਾਰ ਅੰਮ੍ਰਿਤਸਰ ਵਿਚ ਭੇਜਣ ਦੀ ਕ੍ਰਿਪਾਲਤਾ ਕਰਨ।

ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਅੰਮ੍ਰਿਤਸਰ

# ਬੀਬੀ ਜਸਬੀਰ ਕੌਰ ਜੀ ਵਲੋਂ ਸਪੱਸ਼ਟੀਕਰਣ

ਪਰਮ ਸਤਿਕਾਰ ਯੋਗ ਗੁਰਮੁਖ ਖਾਲਸਾ ਪਰਵਾਰ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਸਤਿਗੁਰੂ ਸੱਚੇ ਪਾਤਸ਼ਾਹ ਚਵਰ ਤਖਤ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਅਪਾਰ ਅਪਾਰ ਰਹਿਮਤ ਸਦਕਾ ਤਿੰਨ ਸਾਲਾਂ ਬਾਅਦ ਯੋਗੀ ਹਰਿਭਜਨ ਸਿੰਘ ਜੀ ਦੇ ਕੈਂਪ ਵਿਚੋਂ ਨਿਕਲਣ ਵਿਚ ਸਫਲ ਹੋ ਗਈ ਹਾਂ ਅਤੇ ਮੁੜ ਦੇਸ ਪਹੁੰਚ ਗਈ ਹਾਂ। ਉਥੇ ਰਹਿੰਦਿਆਂ ਭਾਈ ਜੋਗਿੰਦਰ ਸਿੰਘ ਜੀ ਦੇ ਨਿਰਮਲ ਆਚਰਣ ਤੇ ਜੋ ਦੋਸ਼ ਯੋਗੀ ਜੀ ਦੀ ਸੰਸਥਾ ਵਲੋਂ ਲਾਇਆ ਗਿਆ, ਇਹ ਇਕ ਮਹਾਨ ਘੋਰ ਪਾਪ ਸੀ। ਇਥੇ ਆ ਕੇ ਜਥੇਦਾਰ ਭਾਈ ਸਾਹਿਬ ਰਾਮ ਸਿੰਘ ਜੀ ਅਤੇ ਭਾਈ ਜੋਗਿੰਦਰ ਸਿੰਘ ਜੀ ਦੇ ਨਾਲ ਗੱਲ-ਬਾਤ ਕਰਦਿਆਂ ਇਕ ਚਿੱਠੀ ਮੈਨੂੰ ਦਿਖਾਈ ਗਈ, ਜੋ ਸ: ਗੁਰਚਰਨ ਸਿੰਘ ਜੀ ਟੋਹੜਾ ਪ੍ਰਧਾਨ ਸ਼੍ਰ: ਗੁ: ਪ੍ਰ: ਕਮੇਟੀ ਵਲ ਭਾਈ ਜੋਗਿੰਦਰ ਸਿੰਘ ਜੀ ਬਾਰੇ ਲਿਖੀ ਹੋਈ ਹੈ। ਇਹ ਚਿਠੀ ਮੇਰੀ ਲਿਖਾਈ ਨੂੰ ਵਰਤ ਕੇ ਧੋਖੇ ਨਾਲ ਮੇਰੇ ਵਲੋਂ ਬਣਾਈ ਗਈ ਹੈ। ਮੈਂ ਇਸ ਤਰ੍ਹਾਂ ਦੀ ਚਿਠੀ ਪ੍ਰਧਾਨ ਸ਼ਰੋਮਣੀ ਗੁ: ਪ੍ਰ: ਕਮੇਟੀ ਨੂੰ ਬਿਲਕੁਲ ਨਹੀਂ ਲਿਖੀ। ਜੇ ਕੋਈ ਕਿਸੇ ਕਿਸਮ ਦੀ ਗ਼ਲਤ-ਫਹਿਮੀ ਮੇਰੇ ਸੰਬੰਧੀ ਹੈ, ਉਹ ਮੇਰੇ ਉਪਰੋਕਤ ਬਿਆਨ ਦੀ ਰੌਸ਼ਨੀ ਵਿਚ ਦੂਰ ਹੋ ਜਾਣੀ ਚਾਹੀਦੀ ਹੈ।

ਖਾਲਸਾ ਪੰਥ ਦੀ ਨਿਮਾਣੀ ਬੱਚੀ—ਜਸਬੀਰ ਕੌਰ

www.AKJ.Org

# ਸੂਰਾ ਮਾਸਕ ਪੱਤਰ ਦਾ ਚੰਦਾ

ਦਿਲੀ ਸਾਲਾਨਾ ਸਮਾਗਮ ਤੇ ਅਖੰਡ ਕੀਰਤਨੀ ਜਥੇ ਦੀ ਮੀਟਿੰਗ ਵਿਚ ਫ਼ੈਸਲਾ ਦਿਤਾ ਗਿਆ ਕਿ 'ਸੂਰਾ' ਦੀ ਸੇਵਾ ਸ੍ਰੀ ਅੰਮ੍ਰਿਤਸਰ ਦੇ ਸਿੰਘ ਹੀ ਨਿਭਾਉਣ, ਲੋੜ ਅਨੁਸਾਰ ਦਫ਼ਤਰ ਬਣਾ ਕੇ ਸਹਾਇਕ ਸਜਣ ਰਖ ਲਿਆ ਜਾਵੇ। ਖ਼ਰਚਾਂ ਨੂੰ ਪੂਰਾ ਕਰਨ ਲਈ ਚੰਦਾ ਵਧਾ ਦਿਤਾ ਜਾਵੇ। 22-10-81 ਨੂੰ 'ਸੂਰਾ' ਬੋਰਡ ਦੀ ਮੀਟਿੰਗ ਵਿਚ ਇਹ ਫੈਸਲਾ ਹੋਇਆ ਕਿ–

ਸਾਡੀ ਹਾਰਦਿਕ ਇੱਛਾ ਸੀ ਕਿ ਗੁਰਮਤਿ ਪਰਚਾਰ ਨੂੰ ਮੁਖ ਰਖਦਿਆਂ 'ਸੂਰਾ' ਮਾਸਕ ਪੱਤਰ ਦਾ ਚੰਦਾ ਨਾ ਵਧਾਇਆ ਜਾਂਦਾ, ਪਰ ਕਾਗਜ਼, ਛਪਾਈ ਤੇ ਲੇਬਰ ਦਿਨੋ ਦਿਨ ਵਧੀ ਤੁਰੀ ਜਾਂਦੇ ਹਨ। ਇਸ ਅਤਿ ਦੀ ਮਹਿੰਗਾਈ ਵਿਚ ਸਾਡੀ ਪੇਸ਼ ਨਹੀਂ ਜਾ ਰਹੀ। 'ਸੂਰਾ' ਨੂੰ ਜੋ ਸਹਾਇਤਾ ਹਰ ਮਹੀਨੇ ਪੁਜਦੀ ਹੈ, ਉਸ ਦਾ ਬਹੁਤਾ ਹਿੱਸਾ 'ਸੂਰਾ' ਵਲੋਂ ਛਾਪੇ ਜਾ ਰਹੇ ਗੁਰਮਤਿ ਟਰੈਕਟਾਂ ਵਿਚ ਪਾ ਕੇ, ਲਾਗਤ ਨਾਲੋਂ ਵੀ ਘਟ ਕੀਮਤਾਂ ਤੇ ਉਹ ਦਿਤੇ ਜਾ ਰਹੇ ਹਨ। ਖ਼ਰਚਿਆਂ ਨੂੰ ਪੂਰਾ ਕਰਨ ਲਈ ਚੰਦਾ ਹੁਣ ਤੋਂ 15-00 (ਪੰਦਰ੍ਹਾਂ ਰੁਪਏ) ਸਾਲ ਕੀਤਾ ਜਾ ਰਿਹਾ ਹੈ। ਪਰਦੇਸੀ ਚੰਦੇ ਵੀ ਇਸੇ ਹਿਸਾਬ ਨਾਲ ਪੰਜ ਰੁਪਏ ਸਾਲ ਹੋਰ ਵਧਾਣੇ ਪੈ ਰਹੇ ਹਨ, ਜਦ ਕਿ ਪਰਦੇਸੀ ਚੰਦੇ ਅਗੇ ਪਹਿਲੀ ਜੁਲਾਈ ਤੋਂ ਡਾਕ ਖਰਚ ਵਧਣ ਕਾਰਨ ਵਧਾਏ ਜਾ ਚੁਕੇ ਹਨ।

**ਅਮਾਨਤੀ ਲਾਈਫ਼ ਮੈਂਬਰ**–ਅਗਸਤ 1975 ਵਿਚ ਪਾਠਕਾਂ ਨੂੰ ਇਹ ਸਕੀਮ ਦਿਤੀ ਗਈ ਸੀ। ਇਸ ਅਨੁਸਾਰ ਪਾਠਕਾਂ ਪਾਸੋਂ, ਦੇਸ਼ ਲਈ ਇਕ ਸੌ ਰੁਪਏ ਲੈ ਕੇ ਬੈਂਕ ਵਿਚ ਇਹ ਰਕਮ ਪਾਠਕਾਂ ਦੇ ਨਾਂ ਅਮਾਨਤ ਵਜੋਂ ਫ਼ਿਕਸ ਡਿਪਾਜ਼ਿਟ ਵਿਚ ਜਮ੍ਹਾ ਕਰਵਾ ਦਿਤੀ ਜਾਂਦੀ ਰਹੀ ਹੈ। ਉਸ ਰਕਮ ਦਾ ਸਾਲਾਨਾ ਸੂਦ ਦਸ ਰੁਪਏ 'ਸੂਰਾ' ਪੱਤਰ ਨੂੰ ਚੰਦੇ ਵਜੋਂ ਮਿਲਦਾ ਰਿਹਾ ਹੈ। ਕਿਉਂਕਿ ਹੁਣ ਖਰਚ ਵਧ ਜਾਣ ਕਰਕੇ ਚੰਦਾ 15-00 ਰੁਪਏ ਸਾਲ ਕਰਨਾ ਪੈ ਰਿਹਾ ਹੈ ਇਸ ਲਈ ਅਮਾਨਤੀ ਰਕਮ ਵਾਲੇ ਲਾਈਫ਼ ਮੈਂਬਰਾਂ ਪਾਸੋਂ ਭੀ ਚੰਦਾ 15-00 ਰੁਪਏ ਪੂਰਾ ਕਰਨ ਲਈ ਇਹ ਰਕਮ 150/- ਰੁਪਏ ਕੀਤੀ ਜਾ ਰਹੀ ਹੈ। ਪਿਛੇ ਬਣ ਚੁਕੇ ਅਮਾਨਤੀ ਰਕਮ ਵਾਲੇ ਲਾਈਫ਼ ਮੈਂਬਰਾਂ ਪਾਸ ਭੀ ਬਿਨੈ ਹੈ ਕਿ ਚੰਦੇ ਪੂਰੇ ਕਰਨ ਲਈ 50/- ਰੁਪਏ ਹੋਰ ਭੇਜਣ ਦੀ ਕਿਰਪਾਲਤਾ ਕਰਨ। ਪਹਿਲੇ ਵਾਂਗ ਉਹਨਾਂ ਦੀ ਇਹ ਰਕਮ ਵੀ ਅਮਾਨਤ ਵਜੋਂ ਫ਼ਿਕਸ ਡਿਪਾਜ਼ਿਟ ਵਿਚ ਜਮ੍ਹਾ ਕਰਵਾ ਦਿਤੀ ਜਾਵੇਗੀ ਤੇ ਇਸ ਦੇ ਸੂਦ ਨਾਲ ਚੰਦੇ ਦੀ ਵਧੀ ਰਕਮ ਪੂਰੀ ਕੀਤੀ ਜਾਵੇਗੀ। ਜੇ ਕੋਈ ਸਜਣ ਇਕੋ ਵਾਰੀ ਪੰਜਾਹ ਰੁਪਏ ਨਹੀਂ ਭੇਜ ਸਕਦੇ ਤਾਂ ਉਹ ਦਸ ਰੁਪਏ ਮਹੀਨੇ ਦੀ ਬਚਤ ਕਰਕੇ ਆਪਣੇ ਪਾਸ ਰਖੀ ਜਾਣ ਅਤੇ ਪੰਜਾਂ ਮਹੀਨਿਆਂ ਪਿਛੋਂ ਪੰਜਾਹ ਰੁਪਏ ਭੇਜ ਦੇਣ ਦੀ ਕਿਰਪਾਲਤਾ ਕਰਨ।

ਚੰਦਿਆਂ ਆਦਿ ਦਾ ਵੇਰਵਾ ਹੁਣ ਤੋਂ ਇਉਂ ਹੈ–

**ਸਾਲਾਨਾ ਚੰਦਾ** ਦੇਸ 15-00, ਪਰਦੇਸ ਸਮੁੰਦਰੀ ਡਾਕ 30-00, ਇਕ ਪਰਚਾ 1-25
ਹਵਾਈ ਡਾਕ–ਅਰਬ ਮਲਾਇਆ ਆਦਿ 45-00, ਯੂ.ਕੇ, ਅਫਰੀਕਾ ਆਦਿ 60-00, ਕੈਨੇਡਾ ਅਮਰੀਕਾ 70-00

**ਅਮਾਨਤੀ ਲਾਈਫ਼ ਮੈਂਬਰ**–ਦੇਸ 150-00, ਸਮੁੰਦਰੀ ਡਾਕ–ਸਾਰੇ ਪਰਦੇਸ਼ਾਂ ਲਈ 300-00 ਰੁਪਏ
ਹਵਾਈ ਡਾਕ–ਅਰਬ ਮਲਾਇਆ 500-00, ਯੂ.ਕੇ. ਅਫ਼ਰੀਕਾ 700-00, ਕੈਨੇਡਾ ਅਮਰੀਕਾ 800-00.

---

## ਪਿੰਡ ਘਣਗਸ (ਲੁਧਿਆਣਾ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਿਹ ਵਿਖੇ 7 ਨਵੰਬਰ ਸ਼ਨੀਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਮਾਈ ਭਾਈ ਦਰਸ਼ਨ ਦੀਦਾਰੇ ਬਖਸ਼ ਕੇ ਨਿਹਾਲ ਕਰੋ ਜੀ।

ਦਾਸਰਾ–ਡਾਕਟਰ ਕੌਰ ਸਿੰਘ, ਘਣਗਸ (ਰਾੜਾ ਸਾਹਿਬ ਤੋਂ ਦੋ ਫ਼ਰਲਾਂਗ) ਜ਼ਿਲਾ ਲੁਧਿਆਣਾ

## ਲੁਧਿਆਣਾ ਵਿਖੇ ਮਾਸਕ ਰੈਣ ਸਬਾਈ ਕੀਰਤਨ

15 ਨਵੰਬਰ ਸ਼ਨੀਵਾਰ ਦੀ ਰਾਤ ਨੂੰ ਭਾਈ ਕਿਰਪਾਲ ਸਿੰਘ 'ਖਾਲਸਾ' ਰਿਐਤ ਗਰਿੰਡਰ ਜੀ. ਟੀ. ਰੋਡ, ਕਲਸੀ ਨਗਰ, ਲੁਧਿਆਣਾ ਵਿਖੇ ਰੈਣ ਸਬਾਈ ਕੀਰਤਨ ਹੋਣਗੇ। ਆਇ ਜੁੜੋ ਅਤੇ ਸਤਿਸੰਗਤ ਦੇ ਅਨੰਦ ਮਾਣੋ ਜੀ।

ਪੁਛ ਗਿਛ––ਮਾ: ਉਜਾਗਰ ਸਿੰਘ ਖਾਲਸਾ, ਫਰਵਾਲੀ, ਡਾਕਘਰ ਲੋਹਟਬਦੀ (ਸੰਗਰੂਰ)

www.AKJ.Org

## ਪਟਨਾ ਸਾਹਿਬ ਵਿਖੇ ਸ਼ਹੀਦੀ ਗੁਰਪੁਰਬ ਕੀਰਤਨ ਸਮਾਗਮ

ਅਖੰਡ ਕੀਰਤਨੀ ਜਥਿਆਂ ਵਲੋਂ ਹੇਠ ਲਿਖੇ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਗੁਰਪੁਰਬ ਦੀ ਯਾਦ ਵਿਚ ਕੀਰਤਨ ਪ੍ਰੋਗਰਾਮ ਹੋ ਰਹੇ ਹਨ।

| | ਆਸਾ ਦੀ ਵਾਰ ਕੀਰਤਨ | ਸੋਦਰ ਦੀ ਚੌਕੀ |
|---|---|---|
| 29 ਨਵੰਬਰ | ਦਸਮੇਸ਼ ਕਾਲੋਨੀ | ਗੁਰਦਵਾਰਾ ਬਾਲ ਲੀਲ੍ਹਾ |
| 30 ,, | ਤਖਤ ਸ੍ਰੀ ਪਟਨਾ ਸਾਹਿਬ | ਦਸਮੇਸ਼ ਕਾਲੋਨੀ |
| 1 ਦਸੰਬਰ ,, | ,, | ਤਖ਼ਤ ਸੀ ਪਟਨਾ ਸਾਹਿਬ |

ਨੋਟ–ਰਿਹਾਇਸ਼ ਸ੍ਰੀ ਗੁਰੂ ਤੇਗ ਬਹਾਦਰ ਅਕੈਡਮੀ ਪਟਨਾ ਸਾਹਿਬ, ਗੁਰਦਵਾਰਿਆਂ ਦੇ ਦਰਸ਼ਨ 30 ਨਵੰਬਰ ਨੂੰ ਹੋਣਗੇ।

ਪੁਛ ਗਿਛ– -ਪਰਮਜੀਤ ਸਿੰਘ, ਦਸਮੇਸ਼ ਕਾਲੋਨੀ, ਕਾਲੀ ਅਸਥਾਨ, ਪਟਨਾ ਸਾਹਿਬ

## ਗ: ਬਾਬੇ ਦੀ ਕੁਲੀ ਪਿੰਡ ਹਰਸਾ ਛੀਨਾ ਵਿਖੇ ਅਖੰਡ ਕੀਰਤਨ

ਚਲਦਾ ਵਹੀਰ ਸ੍ਰੀ ਅੰਮ੍ਰਿਤਸਰ ਵਲੋਂ 28 ਨਵੰਬਰ 81 ਸ਼ਨੀਵਾਰ ਸ਼ਾਮ ਨੂੰ 8 ਤੋਂ 11 ਤਕ ਅਖੰਡ ਕੀਰਤਨ ਗੁਰਦਵਾਰਾ ਬਾਬੇ ਕੀ ਕੁਲੀ ਪਿੰਡ ਹਰਸਾ ਛੀਨਾ ਵਿਖੇ ਹੋਵੇਗਾ।

## ਪਿੰਡ ਬਰਿਆਨਾ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਹੁਸ਼ਿਆਰਪੁਰ ਤੇ ਫਗਵਾੜਾ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਦਾਸਾਂ ਦੇ ਗ੍ਰਹਿ ਵਿਖੇ 21 ਨਵੰਬਰ ਸ਼ਨੀਵਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਮਾਈ ਭਾਈ ਦਰਸ਼ਨ ਦੇ ਕੇ ਨਿਵਾਜੇ ਜੀ।

ਦਾਸਰਾ––ਸੁਖਦੇਵ ਸਿੰਘ, ਪਿੰਡ ਬਰਿਆਨਾ ਜ਼ਿਲਾ ਹੁਸ਼ਿਆਰਪੁਰ

## ਮਨੋਲੀ (ਰੋਪੜ) ਵਿਖੇ ਰੈਣ ਸਬਾਈ ਕੀਰਤਨ ਤੇ ਸ੍ਰੀ ਅਖੰਡ ਪਾਠ

14 ਨਵੰਬਰ ਸ਼ਨੀਵਾਰ ਦੀ ਰਾਤ ਨੂੰ ਖਰੜ ਦੇ ਅਖੰਡ ਕੀਰਤਨੀ ਜਥੇ ਵਲੋਂ ਮਨੋਲੀ ਵਿਖੇ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਰਾਗੀ ਢਾਡੀ ਗੁਰਮੁਖ ਪਿਆਰੇ ਹਾਜ਼ਰੀਆਂ ਭਰਨਗੇ।

1 ਦਸੰਬਰ ਮੰਗਲਵਾਰ ਨੂੰ ਸਵੇਰੇ ਮਨੋਲੀ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ। ਉਪਰੰਤ ਅਖੰਡ ਕੀਰਤਨ ਦੁਪਹਿਰ ਤਕ ਹੋਣਗੇ। ਸਮਾਗਮਾਂ ਵਿਚ ਦਰਸ਼ਨ ਦੇ ਕੇ ਨਿਵਾਜੋ ਜੀ। ਰਾਜਪੁਰਾ ਤੋਂ ਚੰਡੀਗੜ੍ਹ ਵਾਲੀ ਬਸ ਸਤ ਵਜੇ ਚਲ ਕੇ ਨੌਂ ਵਜੇ ਮਨੋਲੀ ਪੁਜਦੀ ਹੈ। ਚੰਡੀਗੜ੍ਹ ਬਸ ਸਟੈਂਡ ਤੋਂ ਸਵੇਰੇ 11-20, ਦੁਪਹਿਰ 2 ਵਜੇ ਤੇ ਸ਼ਾਮ ਨੂੰ 5-45 ਮਨੋਲੀ ਲਈ ਬਸਾਂ ਚਲਦੀਆਂ ਹਨ।

ਦਾਸਰਾ–ਬਚਿੰਤ ਸਿੰਘ (ਗਿਆਨੀ) ਮਨੋਲੀ ਤਸੀਲ ਖਰੜ (ਰੋਪੜ)

## ਪਿੰਡ ਮਲੋਆ (U.T. ਚੰਡੀਗੜ੍ਹ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਸ: ਬਹਾਦਰ ਸਿੰਘ ਜੀ, ਡਾਇਰੈਕਟਰ ਐਗਰੀਕਲਚਰ ਪੰਜਾਬ ਚੰਡੀਗੜ੍ਹ ਆਫਿਸ ਸੂਚਨਾ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਪਿੰਡ ਮਲੋਆ ਵਿਖੇ 8 ਨਵੰਬਰ ਐਤਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਦੇ ਅਖਾੜੇ ਜੁੜਨਗੇ। ਆਇ ਦੀਦਾਰ ਬਖਸ਼ੋ ਜੀ। ਚੰਡੀਗੜ੍ਹ ਤੋਂ ਲੋਕਲ ਬਸ ਨੰ: 28 ਹਰ 40 ਮਿੰਟ ਬਾਅਦ ਚਲਦੀ ਰਹਿੰਦੀ ਹੈ।

## ਹਾਲੈਂਡ ਵਿਖੇ ਨਵਾਂ ਗੁਰਦਵਾਰਾ ਸਾਹਿਬ ਸਥਾਪਤ ਅਤੇ ਜਰਮਨੀ ਤੇ ਹਾਲੈਂਡ ਵਿਖੇ ਅਖੰਡ ਕੀਰਤਨ

ਹਾਲੈਂਡ ਤੋਂ ਸ: ਰਾਜਿੰਦਰ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਅਮੈਸਟਰਡਮ ਵਿਖੇ ਨਵੇਂ ਗੁਰਦਵਾਰਾ ਸਾਹਿਬ ਦੇ ਉਦਘਾਟਨ ਸਮੇਂ ਦੂਰੋਂ ਨੇੜਿਓਂ ਪਤਵੰਤੇ ਸਜਣ ਪੁਜੇ ਹੋਏ ਸਨ। ਅਖੰਡ ਕੀਰਤਨੀ ਜਥਾ ਹਾਲੈਂਡ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸ਼ਵ ਗੁਰਪੁਰਬ ਦੇ ਸੰਬੰਧ ਵਿਚ ਹਾਲੈਂਡ ਅਤੇ ਵੈਸਟ ਜਰਮਨੀ ਵਿਚ ਹੇਠ ਲਿਖੇ ਅਨੁਸਾਰ ਗੁਰਮਤਿ ਪ੍ਰੋਗਰਾਮ ਹੋ ਰਹੇ ਹਨ––13-15 ਨਵੰਬਰ––ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਗੁਰਦਵਾਰਾ ਸਾਹਿਬ TWEEDE WETERING DWARS, ST-36, ਅਮੈਸਟਰਡਮ, ਹਾਲੈਂਡ

20-22 ਨਵੰਬਰ––ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਗੁਰਦਵਾਰਾ ਸਾਹਿਬ, POLLER HOLZ WEG-10, 5000-KOLN-91, ਵੈਸਟ ਜਰਮਨੀ



www.AKJ.Org

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਰੈਣ ਸਬਾਈ ਕੀਰਤਨ

ਭਾਈ ਗੁਰਨਾਮ ਸਿੰਘ ਜੀ ਜਨਰਲ ਸੈਕਟਰੀ ਰੈਡਿੰਗ ਤੋਂ ਸੂਚਨਾ ਭੇਜਦੇ ਹਨ ਕਿ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਸਲੋਹ (SLOUGH) BUCKS (ਫ਼ੋਨ ਨੰਬਰ 0753-26828) ਵਿਖੇ 21 ਨਵੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਪੁਛ ਗਿਛ–ਭਾਈ ਕੇਵਲ ਸਿੰਘ ਫ਼ੋਨ 0753-76246 ਅਤੇ ਭਾਈ ਨਿਰਮਲ ਸਿੰਘ ਫ਼ੋਨ 0753-34368

## ਯੂ.ਕੇ. ਵਿਖੇ ਖਾਲਸੇ ਨੂੰ ਕਿਰਪਾਨ ਦੀ ਜਿਤ

ਪਿਛਲੇ ਦਿਨੀਂ ਸਾਊਥਹਾਲ ਲੰਡਨ ਵਿਖੇ ਝਗੜਿਆਂ ਫਸਾਦਾਂ ਵਿਚ ਇਕ ਅੰਮ੍ਰਿਤਧਾਰੀ ਸਿੰਘ ਭਾਈ ਮਨਜੀਤ ਸਿੰਘ ਨੂੰ ਕਿਰਪਾਨ-ਧਾਰੀ ਹੋਣ ਕਰਕੇ offensive weopan ਦਾ ਦੂਸ਼ਨ ਲਾ ਕੇ ਕੇਸ ਚਲਾਇਆ ਗਿਆ। ਇਕ ਅਕਤੂਬਰ ਦੀ ਤਰੀਕ ਸਮੇਂ ਯੂ. ਕੇ. ਦੀਆਂ ਪ੍ਰਤੀਨਿਧ ਸੰਸਥਾਵਾਂ ਦੇ ਮੁਖੀਆਂ ਨੇ ਪੇਸ਼ ਹੋ ਕੇ ਕੇਸ ਦੀ ਪਰਵੀ ਕੀਤੀ। ਮੈਜਿਸਟਰੇਟ ਨੇ ਕੇਸ ਨੂੰ ਖਤਮ ਕਰਕੇ ਕਿਰਪਾਨ ਦੀ ਆਜ਼ਾਦੀ ਕਾਇਮ ਰਹਿਣ ਦਿਤੀ। ਏਕੇ ਵਿਚ ਬਰਕਤ ਹੈ।

## ਬੁੱਗਾ ਕਲਾਂ ਜ਼ਿਲਾ ਪਟਿਆਲਾ ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਿਆਂ ਵਲੋਂ ਸ: ਕਰਨੈਲ ਸਿੰਘ ਦੇ ਗ੍ਰਿਹ ਬੁੱਗਾ ਕਲਾਂ (ਕਚਾ ਪਾਸਾ) ਤਸੀਲ ਅਮਲੋਹ ਵਿਖੇ 28 ਨਵੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ। ਬੁੱਗਾ ਕਲਾਂ ਲਈ ਖੰਨੇ ਤੋਂ, ਅਮਲੋਹ ਤੋਂ ਅਤੇ ਅਮਰਗੜ੍ਹ ਤੋਂ ਬਸਾਂ ਮਿਲਦੀਆਂ ਰਹਿੰਦੀਆਂ ਹਨ।

ਪੁਛ ਗਿਛ–ਗਿ: ਚਮਕੌਰ ਸਿੰਘ P.R.T.C., ਬਠਿੰਡਾ 2

## ਬਸੀ ਪਠਾਣਾਂ ਵਿਖੇ ਸ਼ਹੀਦੀ ਗੁਰਪੁਰਬ ਸਮਾਗਮ

ਭਾਈ ਜਸਵੰਤ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਬਸੀ ਪਠਾਣਾਂ ਲਾਲ ਗੁਰਦੁਆਰਾ ਧੋਬੀ ਮਹੱਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਯਾਦ ਵਿਚ 29 ਨਵੰਬਰ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਰਖੇ ਜਾਣਗੇ ਅਤੇ ਇਕ ਦਸੰਬਰ ਮੰਗਲਵਾਰ ਨੂੰ ਸਵੇਰੇ ਅਖੰਡਪਾਠ ਦੇ ਭੋਗ ਤੋਂ ਉਪਰੰਤ ਕੀਰਤਨ ਹੋਣਗੇ। ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

## ਪਿੰਡ ਰਾਮਗੜ੍ਹ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਮਾ: ਗੁਰਬਚਨ ਸਿੰਘ ਜੀ ਦਿਆਲਪੁਰ ਸੂਚਨਾ ਦਿੰਦੇ ਹਨ ਕਿ ਅਖੰਡ ਕੀਰਤਨੀ ਜਥਾ ਜਲੰਧਰ ਵਲੋਂ 21 ਨਵੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ। 21 ਸ਼ਾਮ ਨੂੰ 5-30 ਭਗਤ ਸਿੰਘ ਚੌਕ ਤੋਂ ਰਾਮਗੜ੍ਹ ਲਈ ਟਰਾਲੀ ਚਲੇਗੀ। ਇਹ ਪਿੰਡ ਕਰਤਾਰਪੁਰ ਤੋਂ ਭੁਲੱਥ ਜਾਣ ਵਾਲੀ ਸੜਕ ਦੇ ਉਪਰ ਹੈ।

---

## ਅਖੰਡ ਕੀਰਤਨੀ ਜਥਾ–ਕੇਂਦਰੀ ਫ਼ੰਡ ਹਿਸਾਬ ਕਿਤਾਬ

| ਆਮਦਨ | | ਖ਼ਰਚ | | |
|---|---|---|---|---|
| ਲਭੀ ਰਕਮ | 100-00 | ਘਲ ਖੁਰਦ ਥਾਣੇ ਸਿੰਘਾਂ ਦਾ ਪਤਾ ਕਰਨ | | 14-25 |
| ਗੁਰਮੁਖ ਪ੍ਰੇਮੀ ਲੁਧਿਆਣਾ | 400-00 | ਤੰਬਾਕੂ ਟਰੈਕਟ ਅੰਗਰੇਜ਼ੀ ਤੇ ਗੁਰਮੁਖੀ | | |
| ਸ: ਰਣਜੀਤ ਸਿੰਘ ਕਾਨਪੁਰ | 51-00 | ਕਾਗਜ਼, ਛਪਾਈ, ਬਾਈਡਿੰਗ | | 782-00 |
| ਸਕਾਲਰਸ਼ਿਪ a/c ਇਕ ਬੀਬੀ | 100-00 | ਸਟੇਸ਼ਨਰੀ ਲਫਾਫੇ, ਦੋ ਮੋਹਰਾਂ, ਇੱਕ ਪੈਡ | | 31-20 |
| ਚੜ੍ਹਾਵਾ ਸਮਾਗਮ ਜਥੇਦਾਰ ਰਾਮ ਸਿੰਘ ਜੀ | 113-53 | ਡਾਕ ਖ਼ਰਚ | | 80-40 |
| ਸ: ਹਰਚੰਦ ਸਿੰਘ ਵਿਜਿਆਵਾੜਾ | 100-00 | ਅਖਬਾਰਾਂ ਪੰਜ ਮਹੀਨੇ | | 61-20 |
| ਸਕਾਲਰਸ਼ਿਪ a/c ਸ: ਗੁਰਿੰਦਰਪਾਲ ਸਿੰਘ ਤ੍ਰਿਪਤ ਕੌਰ ਕਾਨਪੁਰ | 50-00 | ਆਮਦਨ | 11724-54 | 969-05 |
| ਸ: ਆਗਿਆ ਸਿੰਘ ਕਾਨਪੁਰ | 1000-00 | ਖਰਚ | 969-05 | |
| ਸ: ਕਿਸ਼ਨ ਸਿੰਘ ਕਾਨਪੁਰ | 500-00 | | | |
| ਬੈਂਕ ਸੂਦ | 635-66 | ਬਾਕੀ | 10755-49 | |
| | 3050-19 | | | |
| ਸੂਰਾ ਅਪ੍ਰੈਲ 81 ਵਿਚ ਬਾਕੀ | 8674-35 | | | |
| | 11724-54 | | | |

ਦਾਸਰਾ–ਰਾਮ ਸਿੰਘ ਜਥੇਦਾਰ, ਅਖੰਡ ਕੀਰਤਨੀ ਜਥਾ
(ਕੇਂਦਰੀ ਦਫਤਰ) ਸ੍ਰੀ ਅੰਮ੍ਰਿਤਸਰ, ਮਿਤੀ 26-10-81



www.AKJ.Org

# 'ਸੂਰਾ' ਮਾਸਕ ਪਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਪਾਠਕਾਂ ਦੇ ਸੌ ਸੌ ਰੁਪਏ ਪੁੱਜੇ ਹਨ। ਬੈਂਕ ਤੋਂ ਇਨ੍ਹਾਂ ਸ਼ਭਨਾਂ ਦੀ ਇਕੋ ਇੱਕਠੀ ਐਫ. ਡੀ. ਬਣਵਾ ਦਿੱਤੀ ਗਈ ਹੈ। F. D ਨੰਬਰ 51858/1162,81 ਮਿਤੀ 20-10-81 ਤੋਂ 20-10-84 ਤਕ ਬਾਬਤ 3100/- ਰੁਪਏ ਹੈ।

| | |
|---|---|
| 901. ਸ: ਗੁਰਚਰਨ ਸਿੰਘ ਫਰੀਦਕੋਟ | (ਚਿਟ ਨੰਬਰ 3901) |
| 902. ਭਾ: ਸੇਵਕ ਸਿੰਘ ਜੀ ਗੁੰਬੀ ਪਿੰਡ ਭੂਨਾ | ( ,, 3902) |
| 903. ਸ: ਕੁਲਜੀਤ ਸਿੰਘ ਕਾਨਪੁਰ | ( ,, 3903) |
| 904. ਸ: ਮਨੋਹਰ ਸਿੰਘ ਮਦਰਾਸ | ( ,, 3904) |
| 905. Lt. Com ਐਸ. ਐਸ. ਗੋਇੰਦੀ | ( ,, 3905) |
| 906. ਗੁਰਦਵਾਰਾ ਸਾਹਿਬ ਨਾਨਕ ਨਕੇਤਨ ਜੋਰਹਟ | ( ,, 3906) |
| 907. ਸ: ਸੰਤੋਖ ਸਿੰਘ ਨਵੀਂ ਦਿੱਲੀ | ( ,, 3907) |
| 908. ਸ: ਗੁਰਦੇਵ ਸਿੰਘ ਨਵੀਂ ਦਿੱਲੀ | ( ,, 3908) |
| 909. ਸ: ਰਾਜਿੰਦਰ ਸਿੰਘ ਨਵੀਂ ਦਿੱਲੀ | ( ,, 3909) |
| 910. ਸ: ਮਹਿੰਦਰ ਸਿੰਘ ਨਵੀਂ ਦਿੱਲੀ | ( ,, 3910) |
| 911. ਸ: ਸਵਿੰਦਰ ਸਿੰਘ ਕਪੂਰ ਮੇਰਠ ਕੈਂਟ | ( ,, 3911) |
| 912. ਸ: ਦੁਰਲਭ ਸਿੰਘ ਬਾਹਰੀ ਨਵੀਂ ਦਿੱਲੀ | ( ,, 3912) |
| 913. ਗੁਰਦਵਾਰਾ ਸਾਹਿਬ ਸੀਸ ਗੰਜ ਦਿੱਲੀ | ( ,, 3913) |
| 914. ਸ੍ਰੀਮਤੀ ਗੁਰਭੀਰ ਕੌਰ ਸੇਠੀ ਕੋਟਾ | ( ,, 3914) |
| 915. ਸ: ਗਿਆਨ ਸਿੰਘ ਨਵੀਂ ਦਿੱਲੀ | ( ,, 3915) |
| 916. ਸ: ਜੋਗਿੰਦਰ ਸਿੰਘ ਜੈਪੁਰ | ( ,, 3916) |
| 917. ਸ: ਜਸਵੰਤ ਸਿੰਘ ਗੁਜਰਾਲ ਅੰਬਾਲਾ ਕੈਂਟ | ( ,, 3917) |
| 918. ਸ: ਜਗਦੀਸ਼ ਸਿੰਘ ਨਵੀਂ ਦਿੱਲੀ | ( ,, 3918) |
| 919. ਸ: ਜਸਪਾਲ ਸਿੰਘ ਆਗਰਾ | ( ,, 3919) |
| 920. ਸ: ਪ੍ਰਤਾਪ ਸਿੰਘ ਕਾਨਪੁਰ | ( ,, 3920) |
| 921. ਸ: ਨਰਿੰਦਰਪਾਲ ਸਿੰਘ ਦਿੱਲੀ | ( ,, 3921) |
| 922. ਸ: ਗੁਰਚਰਨ ਸਿੰਘ ਨਵੀਂ ਦਿੱਲੀ | ( ,, 3922) |
| 923. ਬੀਬੀ ਹਰਵਿੰਦਰ ਕੌਰ ਦਿੱਲੀ | ( ,, 3923) |
| 924. ਸ: ਚਰਨਜੀਤ ਸਿੰਘ ਨਵੀਂ ਦਿੱਲੀ | ( ,, 3924) |
| 925. ਸ: ਇੰਦਰ ਸਿੰਘ ਮਦਰਾਸ | ( ,, 3925) |
| 926. ਸ: ਵਰਿਆਮ ਸਿੰਘ ਟੀਚਰ ਮਾਨਸਾ | ( ,, 3926) |
| 927. ਸ: ਗੁਰਨਾਮ ਸਿੰਘ ਭੁਪਾਲ | ( ,, 3927) |
| 928. ਗੁਰਦਵਾਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਰਗਾਪੁਰ | ( ,, 3928) |
| 929. ਸ: ਨਿਰੰਜਨ ਸਿੰਘ ਰਾਜਨੰਦ ਗਾਉਂ | ( ,, 3929) |
| 930. ਸ: ਰਛਪਾਲ ਸਿੰਘ ਨਵੀਂ ਦਿੱਲੀ | ( ,, 3930) |
| 931. ਸ: ਅਰਬਿੰਦਰ ਸਿੰਘ ਦਿੱਲੀ | ( ,, 3931) |

www.AKJ.Org

# ਜਲੰਧਰ ਵਿਖੇ ਸਾਲਾਨਾ ਗੁਰਪੁਰਬ ਸਮੇਂ ਅਖੰਡ ਕੀਰਤਨ ਸਮਾਗਮ

## ੯ ਨਵੰਬਰ ਸੋਮਵਾਰ ਸਵੇਰ ਤੋਂ ੧੨ ਨਵੰਬਰ ਵੀਰਵਾਰ ਸਵੇਰ ਤਕ

ਹਰ ਸਾਲ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ ਜਲੰਧਰ ਸ਼ਹਿਰ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਸੰਗੀ-ਸਾਥੀ ਅਖੰਡ ਕੀਰਤਨੀ ਜਥੇ ਦੂਰੋਂ ਨੇੜਿਓਂ ਪੁਜਣਗੇ ਤੇ ਹਰੀਜਸ ਕੀਰਤਨ ਦੇ ਲਾਹੇ ਲੁੱਟਣ-ਲੁਟਾਉਣਗੇ। ਸਮੂਹ ਵੀਰ ਭੈਣਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

9 ਨਵੰਬਰ ਸਵੇਰੇ 3 ਤੋਂ 6 ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡਪਾਠ — ਲਾਇਲਪੁਰ ਖਾ: ਹਾ: ਸੈ: ਸਕੂਲ
ਸ਼ਾਮ 6-30 ਤੋਂ 9 ਸੋਦਰ ਰਹਿਰਾਸ ਉਪਰੰਤ ਅਖੰਡ ਕੀਰਤਨ — ਗੁਰਦਵਾਰਾ ਮਹੱਲਾ ਮਖਦੂਮਪੁਰਾ, ਨਕੋਦਰ ਰੋਡ

10 ਨਵੰਬਰ ਸਵੇਰੇ 5 ਤੋਂ 10 ਕੀਰਤਨ ਆਸਾ ਦੀ ਵਾਰ — ,, ,, ,,
ਸ਼ਾਮ 6-30 ਤੋਂ 9 ਸੋਦਰ ਰਹਿਰਾਸ ਉਪਰੰਤ ਅਖੰਡ ਕੀਰਤਨ — ਲਾਇਲਪੁਰ ਖਾ: ਹਾ: ਸੈ: ਸਕੂਲ

11 ਨਵੰਬਰ ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ਕੀਰਤਨ 12 ਵਜੇ ਤਕ — ,, ,, ,,
ਸ਼ਾਮ 4 ਵਜੇ ਅੰਮ੍ਰਿਤ-ਸੰਚਾਰ ਸਮਾਗਮ ਅਰੰਭ — ,, ,, ,,
ਰਾਤ 7-30 ਵਜੇ ਸੋਦਰ, ਉਪਰੰਤ ਰੈਣ ਸਬਾਈ ਕੀਰਤਨ ਅਰੰਭ, 12 ਨਵੰਬਰ ਸਵੇਰੇ ਸਮਾਪਤੀ — ,, ,,

ਰਿਹਾਇਸ਼ ਤੇ ਲੰਗਰ—ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ ਸ਼ਹਿਰ

ਪੁਛ ਗਿਛ —ਸੈ· ਜਸਵੰਤ ਸਿੰਘ ਹਰਭਜਨ ਸਿੰਘ, ਚੌਕ ਭਗਤ ਸਿੰਘ, ਜਲੰਧਰ, ਫ਼ੋਨ 75212
(2) ਕਰਨਲ ਦਲਜੀਤ ਸਿੰਘ ਮਿਠਾ ਪੁਰ ਜਲੰਧਰ

ਪ੍ਰਾਰਥਕ ਦਾਸਰੇ
ਅਖੰਡ ਕੀਰਤਨੀ ਜਥਾ, ਜਲੰਧਰ

---

# ਗੁ: ਚਰਨ ਕੰਵਲ ਬੰਗਾ ਪਾ: ੬ ਵਿਖੇ ਸ਼ਹੀਦੀ ਗੁਰਪੁਰਬ ਤੇ ਅਖੰਡ ਕੀਰਤਨ

ਹਰ ਸਾਲ ਵਾਂਗ ਸਰਬ ਹਿੰਦ ਅਖੰਡ ਕੀਰਤਨੀ ਜਥਿਆਂ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਗੁਰਪੁਰਬ 3 ਤੋਂ 6 ਦਸੰਬਰ ਤਕ ਮਨਾਇਆ ਜਾ ਰਿਹਾ ਹੈ। 3 ਦਸੰਬਰ ਵੀਰਵਾਰ ਸਵੇਰੇ ਸ੍ਰੀ ਅਖੰਡਪਾਠ ਅਰੰਭ ਹੋਣਗੇ ਤੇ 5 ਦਸੰਬਰ ਸਵੇਰੇ ਭੋਗ ਪੈਣਗੇ। ਉਪਰੰਤ 11 ਵਜੇ ਤਕ ਅਖੰਡ ਕੀਰਤਨ ਹੋਣਗੇ। ਸ਼ਾਮ ਸਤ ਵਜੇ ਅੰਮ੍ਰਿਤ-ਸੰਚਾਰ ਅਤੇ 7-30 ਵਜੇ ਰੈਣ ਸਬਾਈ ਕੀਰਤਨੀ ਅਰੰਭ ਹੋਣਗੇ, 6 ਦਸੰਬਰ ਸਵੇਰੇ ਸਤ ਵਜੇ ਸਮਾਪਤੀ ਹੋਵੇਗੀ। ਚਾਰ ਸਤੰਬਰ ਨੂੰ ਅੰਮ੍ਰਿਤ ਵੇਲੇ ਇਕ ਵਜੇ ਤੋਂ ਨਾਮ ਅਭਿਆਸ ਅਤੇ ਨਿਤਨੇਮ ਹੋਣਗੇ। ਸਮੂਹ ਗੁਰੂ ਪਿਆਰੇ ਵੀਰ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

ਨੋਟ--ਗੁਰਦਵਾਰਾ ਚਰਨ ਕੰਵਲ ਬੰਗਾ ਪਾ: ੬ ਫਗਵਾੜਾ-ਨਵਾਂ ਸ਼ਹਿਰ ਸੜਕ ਤੇ ਹੈ।

ਦਾਸਰੇ—ਅਖੰਡ ਕੀਰਤਨੀ ਜਥਾ, ਬੰਗਾ

---

# ਸ਼ਹੀਦਾਂ ਨਮਿਤ ਸ੍ਰੀ ਅੰਮ੍ਰਿਤਸਰ ਵਿਖੇ ਮਾਸਕ ਰੈਣ ਸਬਾਈ

ਵੈਸਾਖੀ 1978 ਦੇ ਸ਼ਹੀਦਾਂ ਦੀ ਯਾਦ ਵਿਚ, ਸ਼ਹੀਦਾਂ ਦੇ ਸਸਕਾਰ ਅਸਥਾਨ ਦੇ ਸਾਹਮਣੇ ਗੁਰਦਵਾਰਾ ਰਾਮਸਰ ਵਿਖੇ ੨੧ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ-ਕੀਰਤਨ ਹੋਣਗੇ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ।

---

# ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਵੈਸਾਖੀ 1978 ਦੇ ਸ਼ਹੀਦਾਂ ਦੀ ਯਾਦ ਵਿਚ ਹਰ ਮੰਗਲਵਾਰ ਸ਼ਾਮ ਨੂੰ 6-30 ਤੋਂ 8-30 ਤਕ ਹੋ ਰਹੇ ਸਮਾਗਮਾਂ ਦਾ ਵੇਰਵਾ—
17 ਨਵੰਬਰ ਕੋਠੇ ਬੱਗੂ ਨੇੜੇ ਜਗਰਾਉਂ, 24 ਨਵੰਬਰ ਭਰਥਰਾ ਰੰਧਾਵਾ, 1 ਦਸੰਬਰ ਗੁੜੇ ਨੇੜੇ ਚੌਕੀਮਾਨ,
8 ਦਸੰਬਰ ਹਸਨਪੁਰ ਨੇੜੇ ਬਦੋਵਾਲ।

ਦਾਸਰਾ—ਦਰਸ਼ਨ ਸਿੰਘ ਡਾਕਟਰ, 8-9 ਪੀ. ਏ. ਯੂ. ਲੁਧਿਆਣਾ

---

'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ
Title : Navketan Press, Amritsar.

www.AKJ.Org